ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish | ALBERTA Edmonton Calgary | ONTARIO Otttawa, Brampton Toronto | QUEBEC Montreal | USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 33, Issue No. 27 Ending Date: Jul 03, 2026

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARAN
604-613-9100

# ਖਾਲਸਾ ਦੀਵਾਨ ਸੁਸਾਇਟੀ ਗੁਰਦਵਾਰਾ ਸੁਖ ਸਾਗਰ ਵਿਖੇ ਆਤਮ ਰਸ ਦੀਆਂ ਛਹਿਬਰਾਂ



ਨਿਊਵੈਸਟ:ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਸੁਖ ਸਾਗਰ ਨਿਊਵੈਸਟ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਸਲਾਨਾ ਸਮਾਗਮ ਦੌਰਾਨ ਆਤਮ ਰਸ ਕੀਰਤਨ ਦਰਬਾਰ ਆਰੰਭ ਹੋ ਚੁੱਕੇ ਹਨ ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਰਾਗੀ ਭਾਈ ਕਮਲਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਯੂਐਸਏ ਵਾਲੇ, ਭਾਈ ਜਸਪਾਲ ਸਿੰਘ ਸਾਰੰਗ ਦੇ ਰਾਗੀ ਜਥੇ ਕੀਰਤਨ ਦੀਆਂ ਛਹਿਬਰਾਂ ਲਗਾ ਕੇ ਸੰਗਤਾਂ ਨੂੰ ਮੰਤਰ ਮੁਗਧ ਕਰ ਰਹੇ ਹਨ।ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਰਹੀਆਂ ਹਨ।ਇਸ ਵੀਰਵਾਰ ਤੋਂ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵੀ ਕੀਰਤਨ ਦੀ ਹਾਜ਼ਰੀ ਭਰ ਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ।ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਹਰਭਜਨ ਸਿੰਘ ਅਟਵਾਲ ਨੇ ਦੱਸਿਆ ਕਿ 27 ਜੂਨ ਸਵੇਰੇ 6 ਵਜੇ ਅੰਮ੍ਰਿਤ ਦਾ ਬਾਟਾ ਵੀ ਤਿਆਰ ਹੋ ਰਿਹਾ ਹੈ ਜਿਸ ਵਿੱਚ ਸੰਗਤਾਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਵਾਲੇ ਬਣਨਗੇ 28 ਜੂਨ ਦੇ ਸਲਾਨਾ ਨਗਰ ਕੀਰਤਨ ਦੀਆਂ ਤਿਆਰੀਆਂ ਵੀ ਮੁਕੰਮਲ ਕਰ ਲਈਆਂ ਗਈਆਂ ਹਨ। 9 ਵਜੇ ਸਵੇਰੇ ਗੁਰੂ ਘਰ ਤੋਂ ਨਗਰ ਕੀਰਤਨ ਰਵਾਨਾ ਹੋ ਕੇ ਕਿਊਨਜ਼ਬਰੋ ਪਾਰਕ ਵਿੱਚ ਪਹੁੰਚੇਗਾ।ਜਿੱਥੇ ਖੁੱਲੇ ਪੰਡਾਲ ਵਿੱਚ ਦੀਵਾਨ ਸੱਜਣਗੇ।ਵੱਖ ਵੱਖ ਸਟਾਲਾਂ ਵਿੱਚ ਲੰਗਰਾਂ ਦਾ ਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਉਣ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

## ਉਤਰਾਖੰਡ ਵਿੱਚ ਸਿੱਖ ਸ਼ਰਧਾਲੂਆਂ ਨਾਲ ਵਿਤਕਰਾ ਮੰਦਭਾਗਾ ਹੈ, ਭਾਜਪਾ ਫੈਲਾ ਰਹੀ ਨਫ਼ਰਤ:ਪ੍ਰਗਟ ਸਿੰਘ

ਚੰਡੀਗੜ੍ਹ:ਸੀਨੀਅਰ ਕਾਂਗਰਸੀ ਆਗੂ ਅਤੇ ਵਿਧਾਇਕ ਪਰਗਟ ਸਿੰਘ ਨੇ ਉੱਤਰਾਖੰਡ ਵਿੱਚ ਸਿੱਖ ਸ਼ਰਧਾਲੂਆਂ ਨਾਲ ਹੋਏ ਵਿਵਹਾਰ ਨੂੰ ਬਹੁਤ ਹੀ ਮੰਦਭਾਗਾ ਅਤੇ ਚਿੰਤਾਜਨਕ ਦੱਸਿਆ। ਉਨ੍ਹਾਂ ਕਿਹਾ ਕਿ ਉਤਰਾਖੰਡ ਵਿੱਚ ਸਿੱਖਾਂ ਨਾਲ ਜੁੜੀਆਂ ਘਟਨਾਵਾਂ ਭਾਜਪਾ ਵੱਲੋਂ ਦੇਸ਼ ਭਰ ਵਿੱਚ ਬਣਾਏ ਜਾ ਰਹੇ ਨਫ਼ਰਤ ਅਤੇ ਵੰਡ ਦੇ ਮਾਹੌਲ ਦਾ ਨਤੀਜਾ ਹਨ। ਉਨ੍ਹਾਂ ਕਿਹਾ ਕਿ ਇਹ ਉੱਤਰਾਖੰਡ ਸਰਕਾਰ ਅਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਕਿ ਉਹ ਸਾਰੇ ਨਾਗਰਿਕਾਂ ਅਤੇ ਸ਼ਰਧਾਲੂਆਂ ਨਾਲ ਬਰਾਬਰ ਵਿਵਹਾਰ ਯਕੀਨੀ ਬਣਾਉਣ ਅਤੇ ਉਨ੍ਹਾਂ ਦੀ ਸੁਰੱਖਿਆ ਦੀ ਪੂਰੀ ਜ਼ਿੰਮੇਵਾਰੀ ਲੈਣ।ਉਨ੍ਹਾਂ ਉੱਤਰਾਖੰਡ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਵਿਤਕਰੇ ਅਤੇ ਨਫ਼ਰਤ ਨੂੰ ਉਤਸ਼ਾਹਿਤ ਕਰਨ ਵਾਲੀਆਂ ਕਾਰਵਾਈਆਂ ਤੋਂ ਗੁਰੇਜ਼ ਕਰਨ ਅਤੇ ਕਾਨੂੰਨ ਅਨੁਸਾਰ ਨਿਰਪੱਖ ਅਤੇ ਬਰਾਬਰ ਕਾਰਵਾਈ ਯਕੀਨੀ ਬਣਾਉਣ। ਕਿਸੇ ਵੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਣਾ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਸੰਵਿਧਾਨ ਦੀ ਭਾਵਨਾ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਨੇ ਹਮੇਸ਼ਾ ਏਕਤਾ, ਅਖੰਡਤਾ ਅਤੇ ਦੇਸ਼ ਦੀ ਸੇਵਾ ਦੀ ਭਾਵਨਾ ਨੂੰ ਤਰਜੀਹ ਦਿੱਤੀ ਹੈ। ਇਸ ਲਈ, ਕਿਸੇ ਵੀ ਸੂਬੇ ਵਿੱਚ ਸ਼ਰਧਾਲੂਆਂ ਨਾਲ ਵਿਤਕਰਾ ਸਹਿਣਯੋਗ ਨਹੀਂ ਹੈ।ਪਰਗਟ ਸਿੰਘ ਨੇ ਕਿਹਾ ਕਿ ਭਾਜਪਾ ਨੂੰ ਕਦੇ ਵੀ ਪੰਜਾਬ ਅਤੇ ਪੰਜਾਬੀਆਂ ਪ੍ਰਤੀ ਕੋਈ ਸੱਚੀ ਚਿੰਤਾ ਨਹੀਂ ਰਹੀ। ਪੰਜਾਬ ਦੇ ਲੋਕ ਭਾਜਪਾ ਦੀਆਂ ਨੀਤੀਆਂ ਅਤੇ ਇਸ ਦੇ ਦੋਹਰੇ ਮਾਪਦੰਡਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ।ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ ਕਿ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਦੀ ਫੇਰੀ ਦੌਰਾਨ, ਕੁਝ ਪੰਜਾਬੀ ਆਗੂ, ਸੱਤਾ ਅਤੇ ਅਹੁਦੇ ਦੀ ਭਾਲ ਵਿੱਚ, ਪੰਜਾਬ ਦੇ ਹਿੱਤਾਂ ਅਤੇ ਇੱਥੋਂ ਤੱਕ ਕਿ ਆਪਣੀ ਵਿਚਾਰਧਾਰਾ ਨੂੰ ਵੀ ਨਜ਼ਰਅੰਦਾਜ਼ ਕਰਨ ਲਈ ਤਿਆਰ ਦਿਖਾਈ ਦਿੰਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਅਜਿਹੇ ਮੌਕਾਪ੍ਰਸਤ ਆਗੂਆਂ ਅਤੇ ਭਾਜਪਾ ਦੀ ਵੰਡਪਾਊ ਰਾਜਨੀਤੀ ਨੂੰ ਪਛਾਣਦੇ ਹਨ। ਦੇਸ਼ ਨੂੰ ਨਫ਼ਰਤ ਦੀ ਨਹੀਂ, ਸਗੋਂ ਭਾਈਚਾਰੇ, ਸਮਾਨਤਾ ਅਤੇ ਆਪਸੀ ਸਤਿਕਾਰ ਦੀ ਰਾਜਨੀਤੀ ਦੀ ਲੋੜ ਹੈ।

Award Winner Realtor in Fraser Valley
*RESIDENTIAL *COMMERCIAL *AGRICULTURAL
ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਜਾਂ ਵੇਚਣ ਵੇਲੇ ਵਾਜਬ ਰੇਟ ਅਤੇ ਸ਼ਾਨਦਾਰ ਸੇਵਾਵਾਂ ਲਈ ਹਮੇਸ਼ਾਂ ਯਾਦ ਰੱਖੋ
2026
DR. GURVINDER SINGH DHALIWAL®
ਡਾ. ਗੁਰਵਿੰਦਰ ਸਿੰਘ ਧਾਲੀਵਾਲ PERSONAL REAL ESTATE CORPORATION M.A., Ph.D
604-825-1550
gurvindersinghprec@gmail.com
WEBSITE:WWW.GURVINDERSINGHDHALIWAL.COM

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:
672-727-9560
(ਇਸ਼ਤਿਹਾਰ ਸਫਾ ਬੀ-7 ਤੇ ਦੇਖੋ)

BRILLIANT COACH LABOUR CONTRACTING LTD
ਕੈਨਰੀ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਰਸਬੇਰੀ, ਸਟਰਾਅ ਬੇਰੀ, ਬਲਿਊ ਬੇਰੀ ਅਤੇ ਬਲੈਕ ਬੇਰੀ ਤੋੜਨ ਵਾਸਤੇ ਵਰਕਰਾਂ ਦੀ ਲੋੜ ਹੈ।
ਸਾਨੂੰ ਕਲਾਸ 4 ਅਤੇ 5 ਡਰਾਈਵਰਾਂ ਦੀ ਵੀ ਲੋੜ ਹੈ।
ਹੋਰ ਜਾਣਕਾਰੀ ਲਈ ਫੋਨ ਕਰੋ
778-536-0693

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

MOHIE Travel Ltd.
#122-32083 Hillcrest Ave, Abbotsford
• DOMESTIC & INTERNATIONAL TICKETS • TOURS • CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan 604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ
ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
• ICBC Claims • Private Claims • Free Courtesy Cars
• Auto Glass Replacement • Free Estimates Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ 778-552-0305


FARM AND SPICE
FARM AND SPICE
Weekly Special
June 26 –July 02
*Special Sampling in Certain Stores*
Dairyland BUTTER UNSALTED 454 g
Dairyland Unsalted Butter 454 gms $ 5.99 / Each
ਨਾਰੀਅਲ
Young Coconuts
2 For
$5.00
ਮੇਥੀ
Methi
Each
$1.49
ਤਰਬੂਜ
Large Watermelon
Each
$6.99
ਸੇਬ
Apple Fuji / Red Delicious
Per lb
$1.49
ਦੇਸੀ ਟਿੰਡਾ
Desi Tinda
Per lb
$0.99
ਸੰਤਰੇ
Mandarin
Per lb
$1.49
ਰੁਸੈਟ ਆਲੂ
Russet Potatoes
10 Lbs
$3.99
ਲੀਚੀ
Lychee
Per lb
$2.49
ਸ਼ਾਨ ਅਚਾਰ
Shan Pickles Assorted
1 Kg
$4.99
ਵਾਗ ਬਕਰੀ ਚਾਹ
Wagh Bakri Tea
1Kg
$9.99
ਰੂਹਅਫਜ਼ਾ ਪਾਕਿਸਤਨੀ
Roohafza Pakistani1
800 ML
Each
$3.99
ਸ਼ੇਰ ਖੰਡ
Sher White Cane Sugar
15 Lbs
$11.99
SAVERA PANEER
ਸਵੇਰਾ ਪਨੀਰ
Savera Paneer
341 gms
$4.49
Basmati Rice
ਸ਼ੇਰ ਬਾਸਮਤੀ
Sher Pure Long Basmati Rice
10 Lbs
$11.99
ਗੰਗਾ ਫੁਲ ਮਖਾਣਾ
Ganga Phool Makhana
400 gms
$11.99
ਹੀਰ ਚਕੀ ਆਟਾ
Heer Chakki Fresh / Whole Wheat Atta
20 Lbs
$11.99
*while supply last
Open 7 Days a Week
8:30 am to 10:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਫੰਡਾਂ ਦੀ ਦੂਰਵਰਤੋਂ ਨੂੰ ਲੈ ਕੇ ਕੈਨੇਡਾ ਬੀਸੀ ਦੇ ਕਲੋਨਾ ਦੀ ਮੰਦਰ ਕਮੇਟੀ ਵਿਵਾਦਾਂ ਦੇ ਘੇਰੇ ਵਿੱਚ

# ਕਲੋਨਾ ਹਿੰਦੂ ਕਲਚਰਲ ਸੁਸਾਇਟੀ ਦੇ ਮੰਦਰ ਦੇ ਪ੍ਰਧਾਨ ਸਮੇਤ 7 ਆਗੂਆਂ ਵੱਲੋਂ ਅਸਤੀਫੇ

ਬੀਸੀ (ਗੁਰਵਿੰਦਰ ਸਿੰਘ ਧਾਲੀਵਾਲ):ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਕਲੋਨਾ ਵਿੱਚ ਬਣਨ ਵਾਲੇ ਹਿੰਦੂ ਮੰਦਰ ਦੀ ਸਥਾਪਨਾ ਤੋਂ ਪਹਿਲਾਂ ਹੀ ਕਮੇਟੀ ‘ਤੇ ਫੰਡਾਂ ਦੀ ਗ਼ਲਤ ਵਰਤੋਂ ਦੇ ਦੋਸ਼ ਲੱਗਣ ਕਾਰਨ ਤਿਖਾ ਵਿਵਾਦ ਛਿੜ ਗਿਆ ਹੈ। ਇਸ ਮਾਮਲੇ ਨੂੰ ਲੈ ਕੇ ਕਲੋਨਾ ਹਿੰਦੂ ਕਲਚਰਲ ਸੁਸਾਇਟੀ ਦੇ ਪ੍ਰਧਾਨ ਰਾਜ ਅਹੂਜਾ ਅਤੇ ਸੱਤ ਹੋਰਨਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ। ਜਾਣਕਾਰੀ ਅਨੁਸਾਰ ਹੋਰਨਾਂ ਕਈ ਮੁੱਦਿਆਂ ਤੋਂ ਇਲਾਵਾ ਮੁੱਖ ਮਾਮਲਾ ਫੰਡਾਂ ਦੀ ਦੁਰਵਰਤੋਂ ਦਾ ਹੈ। ਕਮੇਟੀ ਦੇ ਸਾਬਕਾ ਪ੍ਰਧਾਨ ਰਾਜ ਅਹੂਜਾ ਤੇ ਉਹਨਾਂ ਦੇ ਸਾਥੀਆਂ ਨੇ ਦੋਸ਼ ਲਾਇਆ ਹੈ ਕਿ ਕਮੇਟੀ ਉੱਪਰ ਕਾਬਜ਼ ਧਿਰ ਵੱਲੋਂ ਸੰਗਤਾਂ ਦੇ ਦਾਨ ਦੀ ਸਹੀ ਵਰਤੋਂ ਨਾ ਹੋਣਾ, ਲੋਕਤੰਤਰੀ ਢੰਗ ਨੂੰ ਛਿੱਕੇ ਟੰਗਣਾ ਤੇ ਫੰਡਾਂ ਦੇ ਮਾਮਲੇ ਵਿੱਚ ਪਾਰਦਰਸ਼ਤਾ ਦੀ ਕਮੀ ਗੰਭੀਰ ਮੁੱਦੇ ਹਨ। ਰਾਜ ਅਹੂਜਾ ਅਨੁਸਾਰ ਫੰਡਾਂ ਨੂੰ ਲੈ ਕੇ ਸੁਆਲ ਪੁੱਛਣ ਤੇ ਅਸ਼ੋਕ ਤਿਆਗੀ ਵੱਲੋਂ ਧੱਕੇਸ਼ਾਹੀ ਵਾਲਾ ਰਵਈਆ ਦਿਖਾਇਆ ਜਾ ਰਿਹਾ ਸੀ। ਨਤੀਜੇ ਵਜੋਂ ਉਹਨਾਂ ਆਪਣੇ ਸਾਥੀਆਂ ਸਣੇ ਮੰਦਰ ਦੀ ਪ੍ਰਧਾਨਗੀ ਅਤੇ ਪ੍ਰਮੁੱਖ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ। ਦੂਜੇ ਪਾਸੇ ਕਾਬਜ਼ ਧਿਰ ਦੇ ਮੈਂਬਰਾਂ ਨੇ ਪ੍ਰਤੀਕਰਮ ਚ ਕਿਹਾ ਹੈ ਕਿ ਪਿਛਲੇ ਦੋ ਸਾਲਾਂ ਤੋਂ ਸਾਬਕਾ ਪ੍ਰਧਾਨ ਰਾਜ ਅਹੂਜਾ ਕੋਲ ਖਜ਼ਾਨਚੀ ਦਾ ਅਹੁਦਾ ਸੀ ਤੇ ਸਾਰੇ ਫੰਡ ਉਹਨਾਂ ਦੇ ਅਖਤਿਆਰ ਵਿੱਚ ਸਨ, ਇਸ ਕਰਕੇ ਉਹਨਾਂ ਵੱਲੋਂ ਲਾਏ ਦੋਸ਼ ਨਿਰਮੂਲ ਹਨ। ਅਸਤੀਫ਼ਾ ਦੇਣ ਵਾਲੀ ਧਿਰ ਵੱਲੋਂ ਲਾਏ ਗੰਭੀਰ ਦੋਸ਼ਾਂ ਨੂੰ ਲੈ ਕੇ ਅਸ਼ੋਕ ਤਿਆਗੀ ਦਾ ਪੱਖ ਜਾਨਣ ਲਈ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਹਨਾਂ ਵੱਲੋਂ ਕੋਈ ਉੱਤਰ ਨਹੀਂ ਦਿੱਤਾ ਗਿਆ। ਇਸ ਦੌਰਾਨ ਸਾਬਕਾ ਪ੍ਰਧਾਨ ਰਾਜ ਅਹੂਜਾ ਨੇ ਅਸ਼ੋਕ ਤਿਆਗੀ ‘ਤੇ ਇਹ ਵੀ ਦੋਸ਼ ਲਾਇਆ ਕਿ ਉਹਨਾਂ ਆਪਣੇ ਅਸਤੀਫੇ ਦੀ ਸੱਚਾਈ ਦੱਸਣ ਲਈ ਸਾਂਝੇ ਗਰੁੱਪ ਵਿੱਚ ਜਾਣਕਾਰੀ ਦਿੱਤੀ, ਜਿਸ ਨੂੰ ਅਸ਼ੋਕ ਤਿਆਗੀ ਵੱਲੋਂ ਡਿਲੀਟ ਕਰ ਦਿੱਤਾ ਗਿਆ ਅਤੇ ਉਹਨਾਂ ਦਾ ਪੱਖ ਲੋਕਾਂ ਤੱਕ ਨਹੀਂ ਜਾਣ ਦਿੱਤਾ ਗਿਆ ਅਤੇ ਉਹਨਾਂ ਨੂੰ ਐਡਮਿਨ ਤੋਂ ਹੀ ਹਟਾ ਦਿੱਤਾ ਗਿਆ। ਕਲੋਨਾ ਹਿੰਦੂ ਕਲਚਰਲ ਕਮੇਟੀ ਤੋਂ ਅਸਤੀਫੇ ਦੇਣ ਵਾਲਿਆਂ ਵਿੱਚ ਸਮਰਲੈਂਡ ਹਿੰਦੂ ਮੰਦਿਰ ਦੇ ਲੰਮਾ ਸਮਾਂ ਪ੍ਰਧਾਨ ਰਹੇ ਅਸ਼ੋਕ ਮੋਹਨ, ਕਮਲੇਸ਼ ਪਟੇਲ, ਪਵਨ ਗਾਂਧਾ, ਹਿਤੇਸ਼ ਠਾਕੁਰ ਅਜੇ ਗਰੋਵਰ ਅਤੇ ਮਨੀਸ਼ਾ ਵੀ ਸ਼ਾਮਿਲ ਹਨ। ਉਧਰ ਕਲੋਨਾ ਹਿੰਦੂ ਕਲਚਰਲ ਸੋਸਾਇਟੀ ਦੇ ਮੁਢਲੇ ਮੈਂਬਰਾਂ ਵਿੱਚੋਂ ਸੰਦੀਪ, ਸ਼ਸ਼ੀ ਸ਼ਰਮਾ, ਜਿਮ ਖੁਰਾਣਾ ਤੇ ਹੋਰਨਾਂ ਨੇ ਵੀ ਮੰਦਰ ਉੱਪਰ ਕਾਬਜ਼ ਧੜੇ ‘ਤੇ ਗੰਭੀਰ ਦੋਸ਼ ਲਾਏ ਹਨ ਅਤੇ ਫੰਡਾਂ ਦੀ ਦੁਰਵਰਤੋਂ ਨੂੰ ਗੰਭੀਰ ਕਰਾਰ ਦਿੱਤਾ ਹੈ। ਉਹਨਾਂ ਚੁਣੌਤੀ ਦਿੱਤੀ ਹੈ ਕਿ ਸਾਰਾ ਮਾਮਲਾ ਲੋਕਾਂ ਵਿੱਚ ਲਿਆਂਦਾ ਜਾਏ, ਤਾਂ ਕਿ ਸੱਚਾਈ ਸਾਹਮਣੇ ਆਏ।



ਇਹ ਮਸਲਾ ਕਾਫੀ ਗਰਮਾਇਆ ਹੋਇਆ ਹੈ ਤੇ ਲੋਕਾਂ ਦਾ ਕਹਿਣਾ ਹੈ ਕਿ ਅਜੇ ਮੰਦਰ ਬਣਿਆ ਨਹੀਂ ਤੇ ਪਹਿਲਾਂ ਹੀ ਫੰਡਾਂ ਦੀ ਦੁਰਵਰਤੋਂ ਸ਼ੁਰੂ ਹੋ ਗਈ ਹੈ, ਤਾਂ ਅੱਗੇ ਕੀ ਹੋਏਗਾ। ਕੀ ਮੰਦਰ ਲਈ ਫੰਡ ਦੇਣ ਵਾਲੇ ਸ਼ਰਧਾਲੂ ਅਸਤੀਫਾ ਦੇਣ ਵਾਲੇ ਵਿਅਕਤੀਆਂ ਵੱਲੋਂ ਲਾਏ ਸੰਗੀਨ ਇਲਜ਼ਾਮਾਂ ‘ਤੇ ਭਰੋਸਾ ਕਰਨਗੇ ਅਤੇ ਕਾਬਜ਼ ਧਿਰ ਦੇ ਤਾਨਾਸ਼ਾਹ ਰਵਈਏ ਖਿਲਾਫ਼ ਸਖ਼ਤ ਕਦਮ ਪੁੱਟਣਗੇ, ਇਸ ਸਬੰਧੀ ਹੋਰ ਵੇਰਵਿਆਂ ਦੀ ਉਡੀਕ ਹੈ।

# ਕੈਨੇਡਾ ਦੀ ਸਿਆਸਤ ਵਿਚ ਹਿਲਜੁਲ 6 ਐਮ.ਪੀ. ਦੇ ਰਹੇ ਅਸਤੀਫ਼ਾ

ਔਟਵਾ:ਕੈਨੇਡਾ ਦੀ ਸਿਆਸਤ ਵਿਚ ਮੁੜ ਹੋ ਰਹੀ ਹਿਲਜੁਲ ਦਰਮਿਆਨ ਹਾਊਸ ਆਫ਼ ਕਾਮਨਜ਼ ਵਿਚ 6 ਸੀਟਾਂ ਖ਼ਾਲੀ ਹੋ ਰਹੀਆਂ ਹਨ ਤੇ ਲਿਬਰਲ ਸਰਕਾਰ ਨੂੰ ਸਦਨ ਵਿਚ ਬਹੁਮਤ ਬਰਕਰਾਰ ਰੱਖਣ ਲਈ ਇਕ ਜ਼ਿਮਨੀ ਚੋਣ ਜਿੱਤਣੀ ਹੋਵੇਗੀ। ਦੋ ਐਮ.ਪੀਜ਼ ਨੇ ਬੀਤੇ ਸ਼ੁੱਕਰਵਾਰ ਨੂੰ ਅਸਤੀਫ਼ਾ ਦੇ ਦਿਤਾ ਜਿਨ੍ਹਾਂ ਵਿਚੋਂ ਲਿਬਰਲ ਪਾਰਟੀ ਦੇ ਜੌਨਾਥਨ ਵਿਲਕਿਨਸਨ ਬ੍ਰਸਲਜ਼ ਜਾ ਰਹੇ ਹਨ ਅਤੇ ਯੂਰਪੀ ਯੂਨੀਅਨ ਵਿਚ ਕੈਨੇਡੀਅਨ ਰਾਜਦੂਤ ਦੀ ਜ਼ਿੰਮੇਵਾਰੀ ਨਿਭਾਉਣਗੇ। ਲਿਬਰਲ ਸਰਕਾਰ ਨੂੰ ਬਹੁਮਤ ਵਾਸਤੇ 1 ਜ਼ਿਮਨੀ ਚੋਣ ਜਿੱਤਣੀ ਲਾਜ਼ਮੀ ਦੱਸ ਦੇਈਏ ਕਿ ਕਿਸੇ ਐਮ.ਪੀ. ਵੱਲੋਂ ਅਸਤੀਫ਼ਾ ਦਿਤੇ ਜਾਣ ’ਤੇ ਸੰਸਦ ਦੇ ਸਪੀਕਰ ਵੱਲੋਂ ਮੁੱਖ ਚੋਣ ਅਫ਼ਸਰ ਨੂੰ ਸੀਟ ਖ਼ਾਲੀ ਹੋਣ ਬਾਰੇ ਦੱਸਿਆ ਜਾਂਦਾ ਹੈ ਅਤੇ ਪ੍ਰਧਾਨ ਮੰਤਰੀ ਕੋਲ ਜ਼ਿਮਨੀ ਚੋਣ ਦਾ ਐਲਾਨ ਕਰਨ ਵਾਸਤੇ 11 ਦਿਨ ਤੋਂ 180 ਦਿਨ ਦਾ ਸਮਾਂ ਹੁੰਦਾ ਹੈ। ਦੋ ਅਸਤੀਫ਼ਿਆਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਕੋਲ 19 ਦਸੰਬਰ ਤੱਕ ਦਾ ਸਮਾਂ ਮੌਜੂਦ ਹੈ ਅਤੇ ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਘੱਟੋ ਘੱਟ 6 ਪਾਰਲੀਮਾਨੀ ਹਲਕਿਆਂ ਵਿਚ ਇਕੋ ਵੇਲੇ ਜ਼ਿਮਨੀ ਚੋਣਾਂ ਹੋਣਗੀਆਂ। ਦੂਜੇ ਪਾਸੇ ਜ਼ਿਮਨੀ ਚੋਣ ਦੇ ਮੱਦੇਨਜ਼ਰ ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੌਇਲੀਐਵ ਵੀ ਤਿਆਰੀਆਂ ਵਿਚ ਜੁਟਦੇ ਨਜ਼ਰ ਆਏ।













# ‘ਸ਼ਹੀਦਾਂ ਦੀਆਂ ਵਾਰਾਂ ਤੋਂ ਲੈਂਦਾ ਹਾਂ ਪ੍ਰੇਰਨਾ’:ਗੁਰਿੰਦਰਵੀਰ ਸਿੰਘ

ਰਾਂਚੀ (ਹਰਪਿੰਦਰ ਸਿੰਘ ਟੌਹੜਾ) ਪਿਛਲੇ ਕਰੀਬ ਛੇ ਸਾਲਾਂ ਤੋਂ ਗੁਰਿੰਦਰ ਨੇ ਉਹ 500 ਦਾ ਨੋਟ ਸੰਭਾਲ ਕੇ ਰੱਖਿਆ ਜੋ ਉਨ੍ਹਾਂ ਨੇ ਟੋਲ ਦੇਣ ਲਈ ਕਿਸੇ ਤੋਂ ਲਿਆ ਸੀ, ਕਿਉਂਕਿ ਉਸ ਸਮੇਂ ਉਨ੍ਹਾਂ ਕੋਲ ਪੈਸੇ ਨਹੀਂ ਸੀ, ਪਰ ਖਰਚਿਆ ਨਹੀਂ ਅਤੇ ਅੱਜ ਵੀ ਆਪਣੇ ਕੋਲ ਸੰਭਾਲ ਕੇ ਰੱਖਿਆ। ਗੁਰਿੰਦਰਵੀਰ ਕਹਿੰਦੇ ਹਨ ਕਿ ਇਹ ਨੋਟ ਮੈਨੂੰ ਸੰਘਰਸ਼ ਦੇ ਦਿਨਾਂ ਦੀ ਯਾਦ ਦਵਾਉਂਦਾ ਹੈ। ਗੁਰਿੰਦਰਵੀਰ ਦੱਸਦੇ ਹਨ ਕਿ ਜਦੋਂ ਤੋਂ ਉਨ੍ਹਾਂ 100 ਮੀਟਰ ਰੇਸ ਦੀ ਤਿਆਰੀ ਸ਼ੁਰੂ ਕੀਤੀ ਉਦੋਂ ਤੋਂ ਲੋਕ ਉਨ੍ਹਾਂ ਨੂੰ ਇਹ ਸੁਪਨੇ ਛੱਡਣ ਦੀ ਸਲਾਹ ਦਿੰਦੇ ਸਨ। ਲੋਕਾਂ ਨੂੰ ਇਹ ਭਰੋਸਾ ਹੀ ਨਹੀਂ ਹੁੰਦਾ ਸੀ ਕਿ ਅਸੀਂ 100 ਮੀਟਰ ਰੇਸ ਵਿੱਚ ਰਿਕਾਰਡ ਬਣਾ ਸਕਦੇ ਹਨ। ਉਹ ਕਹਿੰਦੇ ਹਨ, “ਕਈ ਮੁਕਾਬਲੇ ਜਿੱਤਣ ਦੇ ਬਾਵਜੂਦ ਵੀ ਮੈਨੂੰ ਇਹੀ ਸੁਣਨ ਨੂੰ ਮਿਲਦਾ ਸੀ। ਅੰਡਰ-14, ਅੰਡਰ-18, ਅੰਡਰ-20 ਦੇ ਮੁਕਾਬਲਿਆਂ ਦੌਰਾਨ ਵੀ ਮੈਂ ਰਿਕਾਰਡ ਬਣਾਏ ਸੀ ਪਰ ਉਦੋਂ ਤੱਕ ਮੈਨੂੰ ਸੁਣਨ ਨੂੰ ਮਿਲਦਾ ਰਿਹਾ ਕਿ ਅਜੇ ਵੀ ਸਮਾਂ ਹੈ, ਤੁਸੀਂ ਇਵੈਂਟ ਬਦਲ ਲਓ, ਇਹ ਨਹੀਂ ਹੋ ਸਕਦਾ ਪਰ ਮੈਂ ਉਨ੍ਹਾਂ ਦੀ ਨਹੀਂ ਸੁਣੀ ਅਤੇ ਅਭਿਆਸ ਕਰਦਾ ਰਿਹਾ। ਮੈਨੂੰ ਖੁਸ਼ੀ ਹੈ ਕਿ ਹੁਣ ਲੋਕ ਕਹਿ ਰਹੇ ਹਨ ਕਿ ਅਸੀਂ ਸਪ੍ਰਿੰਟ ਕਰ ਸਕਦੇ ਹਾਂ।“ਉਹ ਦੱਸਦੇ ਹਨ, “ਮੇਰਾ ਪਰਿਵਾਰ ਅਕਸਰ ਮੈਨੂੰ ਸ਼ਹੀਦਾਂ ਦੀਆਂ ਵਾਰਾਂ ਸੁਣਾਉਂਦਾ ਸੀ। ਭਾਈ ਬਚਿੱਤਰ ਸਿੰਘ ਨੇ ਹਾਥੀ ਦਾ ਮੁਕਾਬਲਾ ਕੀਤਾ ਸੀ। ਸ. ਹਰੀ ਸਿੰਘ ਨਲੂਆ ਨੇ ਸ਼ੇਰ ਦਾ ਜਬਾੜਾ ਪਾੜ ਦਿੱਤਾ ਸੀ। ਮੈਂ ਆਪਣੇ ਸਿੱਖਾਂ ਤੋਂ ਹੀ ਜੋਸ਼ ਲੈਂਦਾ ਹਾਂ। ਮੈਂ ਕਿਹੜਾ ਸ਼ੇਰ ਜਾਂ ਹਾਥੀ ਨਾਲ ਲੜਨਾ, ਮੈਂ ਤਾਂ ਭੱਜਣਾ ਅਤੇ ਮੈਂ ਭੱਜ ਕੇ ਦਿਖਾਵਾਂਗਾ।“ਗੁਰਿੰਦਰਵੀਰ ਦੱਸਦੇ ਹਨ ਕਿ ਉਹ ਆਪਣੀ ਟ੍ਰੇਨਿੰਗ ਨੂੰ ਲੈਕੇ ਪਾਬੰਦ ਹਨ ਕਿ ਕਰੀਬ ਇੱਕ ਸਾਲ ਤੋਂ ਘਰ ਨਹੀਂ ਗਏ। ਮਾਂ ਨੂੰ ਮਿਲੇ ਕਰੀਬ ਸਾਲ ਹੋ ਗਿਆ।



ਆਪਣੀ ਕਾਮਯਾਬੀ ਦਾ ਸਿਹਰਾ ਮਾਂ-ਬਾਪ ਨੂੰ ਦਿੰਦਿਆਂ ਗੁਰਿੰਦਰਵੀਰ ਦੱਸਦੇ ਹਨ ਕਿ ਉਨ੍ਹਾਂ ਦੀ ਕਾਮਯਾਬੀ ਪਿੱਛੇ ਪਰਿਵਾਰ ਦਾ ਵੀ ਸੰਘਰਸ਼ ਹੈ। ਗੁਰਿੰਦਰ ਦੱਸਦੇ ਹਨ ਕਿ ਜਦੋਂ ਉਨ੍ਹਾਂ ਦੀ ਭੈਣ ਦਾ ਵਿਆਹ ਸੀ ਤਾਂ ਉਨ੍ਹਾਂ ਦੇ ਪਿਤਾ ਨੇ ਨਵੇਂ ਕੱਪੜੇ ਤੱਕ ਨਹੀਂ ਸੀ ਖਰੀਦੇ। ਉਹ ਕਹਿੰਦੇ ਹਨ ਕਿ ਮਾਤਾ-ਪਿਤਾ ਨੇ ਉਨ੍ਹਾਂ ਪਿੱਛੇ ਬਹੁਤ ਸੰਘਰਸ਼ ਕੀਤਾ ਅਤੇ ਉਹ ਹੁਣ ਉਨ੍ਹਾਂ ਦੇ ਸੁਪਨੇ ਪੂਰੇ ਕਰਨਾ ਚਾਹੁੰਦੇ ਹਨ। ਹਾਲਾਂਕਿ ਗੁਰਿੰਦਰ ਕਹਿੰਦੇ ਹਨ ਕਿ ਉਨ੍ਹਾਂ ਨੇ ਇਹ ਨਹੀਂ ਸੋਚਿਆ ਸੀ ਕਿ ਉਹ ਰਿਕਾਰਡ ਬਣਾਉਣਗੇ, ਸਿਰਫ਼ ਇਹ ਸੋਚਿਆ ਸੀ ਕਿ ਚੰਗਾ ਦੌੜਨਾ ਹੈ।“ਗੁਰਿੰਦਰ ਕਹਿੰਦੇ ਹਨ ਕਿ ਹੁਣ ਉਨ੍ਹਾਂ ਦਾ ਫੋਕਸ ਆਉਣ ਵਾਲੇ ਮੁਕਾਬਲਿਆਂ ‘ਤੇ ਹੈ। ਉਹ ਕਹਿੰਦੇ ਹਨ ਕਿ ਓਲਪਿੰਕਸ ਵਿੱਚ ਖੇਡਣਾ ਅਤੇ ਮੈਡਲ ਜਿੱਤਣਾ ਉਨ੍ਹਾਂ ਦਾ ਸੁਪਨਾ ਹੈ ਪਰ ਫਿਲਹਾਲ ਉਨ੍ਹਾਂ ਦਾ ਫੋਕਸ ਆਉਣ ਵਾਲੀਆਂ ਕਾਮਨਵੈਲਥ ਅਤੇ ਏਸ਼ੀਅਨ ਖੇਡਾਂ ‘ਤੇ ਹੈ। ਗੁਰਿੰਦਰ ਦੱਸਦੇ ਹਨ ਕਿ ਮੁਕਾਬਲਿਆਂ ਦੌਰਾਨ ਉਨ੍ਹਾਂ ਨੂੰ ਕਦੇ ਸਟ੍ਰੈਸ ਨਹੀਂ ਹੁੰਦਾ। ਸਗੋਂ ਸਟ੍ਰੈਸ ਉਦੋਂ ਹੁੰਦਾ ਹੈ ਜਦੋਂ ਕਿਸੇ ਕਾਰਨ ਉਹ ਪ੍ਰੈਕਟਿਸ ਨਹੀਂ ਕਰ ਪਾਉਂਦੇ। ਉਹ ਕਹਿੰਦੇ ਹਨ, “ਫਤਿਹ ਤਾਂ ਵਾਹਿਗੁਰੂ ਨੇ ਦੇਣੀ ਹੈ। ਹਾਰ ਤੋਂ ਕਦੇ ਡਰ ਨਹੀਂ ਲੱਗਿਆ। ਜਦੋਂ ਕਦੇ ਹਾਰ ਹੁੰਦੀ ਹੈ ਤਾਂ ਉਸ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

12383-83A Ave, Surrey, BC



SAVVY
iccrc crcic Immigration Services Inc.

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

*Temporary Visa *Student Visa
*Work Permit *Permanent Immigration
*Humanitarian & Compassionate Cases



Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



FIXMAN
GLASS REPAIR LTD

Auto
Residential
Commercial

“We Are The Clear Choice” GLASS EXPRESS

Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service

- ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ
- ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ ਲਾਈਫਟਾਈਮ ਵਾਰੰਟੀ
- ਮੋਬਾਈਲ ਸਰਵਿਸ
- ਬੱਗ ਸਕਰੀਨ ਵੀ ਲਾਉਂਦੇ ਹਾਂ
- ਕਾਰ ਨੂੰ ਮੁਫਤ ਸਾਫ ਕਰਦੇ ਹਾਂ
- ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ

2 Locations Serves You

SURREY
#301-14640-64Ave Surrey
Ph:604-657-0003

LANGLEY
#102-5968 205A St
Ph:778-258-3000



Mandeep Dhaliwal

www.fixmanglass.com Email:fixmanglass@gmail.com



Punjab TRAVELS




ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5



SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

# ਕੈਨੇਡਾ ਦੀ ਝੀਲ ‘ਚ ਗਣੇਸ਼ ਮੂਰਤੀ ਜਲ-ਪ੍ਰਵਾਹ ਕਰਨ ‘ਤੇ ਵਿਵਾਦ
# ਸੋਸ਼ਲ ਮੀਡੀਆ ‘ਤੇ ਭਾਰਤੀ ਪਰਿਵਾਰ ਦੀ ਆਲੋਚਨਾ “ਗੰਦਗੀ ਨਾ ਫੈਲਾਉ”



ਕੈਨੇਡਾ ਵਿੱਚ ਇੱਕ ਭਾਰਤੀ ਪਰਿਵਾਰ ਵੱਲੋਂ ਝੀਲ ਵਿੱਚ ਭਗਵਾਨ ਗਣੇਸ਼ ਦੀ ਮੂਰਤੀ ਵਿਸਰਜਿਤ ਕਰਨ (ਜਲ-ਪ੍ਰਵਾਹ ਕਰਨ) ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਵਿਵਾਦ ਖੜ੍ਹਾ ਹੋ ਗਿਆ ਹੈ। ਸੋਸ਼ਲ ਮੀਡੀਆ ‘ਤੇ ਇਸ ਸੱਭਿਆਚਾਰਕ ਪਰੰਪਰਾ ਅਤੇ ਵਾਤਾਵਰਨ ਪ੍ਰਤੀ ਜ਼ਿੰਮੇਵਾਰੀ ਨੂੰ ਲੈ ਕੇ ਇੱਕ ਵੱਡੀ ਬਹਿਸ ਛਿੜ ਗਈ ਹੈ ਅਤੇ ਲੋਕਾਂ ਵੱਲੋਂ ਇਸ ਦੀ ਸਖ਼ਤ ਆਲੋਚਨਾ ਕੀਤੀ ਜਾ ਰਹੀ ਹੈ। ਵੀਡੀਓ ਵਿੱਚ ਦੋ ਬੱਚੇ ਭਗਵਾਨ ਗਣੇਸ਼ ਦੀ ਮੂਰਤੀ ਨੂੰ ਝੀਲ ਵਿੱਚ ਪਾਉਂਦੇ ਹੋਏ ਦਿਖਾਈ ਦੇ ਰਹੇ ਹਨ। ਜਿਵੇਂ ਹੀ ਉਨ੍ਹਾਂ ਨੇ ਛੋਟੀ ਮੂਰਤੀ, ਫੁੱਲ ਅਤੇ ਹੋਰ ਪੂਜਾ ਸਮੱਗਰੀ ਝੀਲ ਵਿੱਚ ਪਾਈ, ਤਾਂ ਰੰਗ-ਬਿਰੰਗੀ ਮੂਰਤੀ ਪਾਣੀ ਵਿੱਚ ਡੁੱਬ ਗਈ ਪਰ ਫੁੱਲ ਪਾਣੀ ਦੀ ਸਤ੍ਹਾ ‘ਤੇ ਤੈਰਦੇ ਰਹੇ।

ਇਸ ਵੀਡੀਓ ਨੂੰ ਸੋਸ਼ਲ ਮੀਡੀਆ ‘ਤੇ ਇਸ ਕੈਪਸ਼ਨ (ਲਿਖਤ) ਨਾਲ ਸਾਂਝਾ ਕੀਤਾ ਗਿਆ ਸੀ: “ਗੰਦਗੀ ਨਾ ਫੈਲਾਓ। ਹਿੰਦੂ ਮਾਤਾ-ਪਿਤਾ ਕੈਨੇਡਾ ਦੀ ਝੀਲ ਵਿੱਚ ਗੰਦਗੀ ਪਾਉਂਦੇ ਹੋਏ ਆਪਣੇ ਬੱਚਿਆਂ ਦੀ ਵੀਡੀਓ ਬਣਾ ਰਹੇ ਹਨ।“ਇਸ ਪੋਸਟ ਨੇ ਇੰਟਰਨੈੱਟ ‘ਤੇ ਲੋਕਾਂ ਦੇ ਵੱਖ-ਵੱਖ ਪ੍ਰਤੀਕਰਮਾਂ ਦੀ ਇੱਕ ਲਹਿਰ ਪੈਦਾ ਕਰ ਦਿੱਤੀ ਹੈ। ਕੁਝ ਲੋਕਾਂ ਦਾ ਤਰਕ ਹੈ ਕਿ ਇਹ ਮੂਰਤੀ ਮਿੱਟੀ ਅਤੇ ਹੋਰ ਕੁਦਰਤੀ ਚੀਜ਼ਾਂ ਤੋਂ ਬਣੀ ਹੁੰਦੀ ਹੈ ਜੋ ਪਾਣੀ ਵਿੱਚ ਆਪਣੇ ਆਪ ਘੁਲ ਜਾਂਦੀਆਂ ਹਨ, ਜਦੋਂ ਕਿ ਦੂਜੇ ਪਾਸੇ ਕਈ ਲੋਕਾਂ ਨੇ ਇਸ ਨੂੰ ਸਾਫ਼-ਸੁਥਰੇ ਪਾਣੀ ਦੇ ਸਰੋਤ ਵਿੱਚ ‘ਜਾਣਬੁੱਝ ਕੇ ਗੰਦਗੀ ਫੈਲਾਉਣ’ ਦਾ ਕੰਮ ਦੱਸਦਿਆਂ ਇਸ ਦੀ ਨਿੰਦਾ ਕੀਤੀ ਹੈ। ਲੋਕਾਂ ਦੀਆਂ ਮੁੱਖ ਟਿੱਪਣੀਆਂ ਇਸ ਪ੍ਰਕਾਰ ਹਨ:

ਪਹਿਲੀ ਟਿੱਪਣੀ: “ਭਾਰਤੀਆਂ ਨਾਲ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਉਹ ਜਿੱਥੇ ਵੀ ਜਾਂਦੇ ਹਨ, ਉੱਥੋਂ ਦੇ ਸੱਭਿਆਚਾਰ ਵਿੱਚ ਨਹੀਂ ਰਲਦੇ।ਉਹ ਉਹੀ ਆਦਤਾਂ ਉੱਥੇ ਲੈ ਕੇ ਆਉਂਦੇ ਹਨ ਜੋ ਉਹ ਆਪਣੇ ਦੇਸ਼ ਵਿੱਚ ਕਰਦੇ ਹਨ ਅਤੇ ਉਮੀਦ ਕਰਦੇ ਹਨ ਕਿ ਉਸ ਦੇਸ਼ ਦੇ ਲੋਕ ਵੀ ਉਨ੍ਹਾਂ ਦਾ ਸਤਿਕਾਰ ਕਰਨ।“

ਦੂਜੀ ਟਿੱਪਣੀ: “ਮੂਰਤੀ ਮਿੱਟੀ ਦੀ ਬਣੀ ਹੋਈ ਹੈ ਅਤੇ ਬਾਕੀ ਚੀਜ਼ਾਂ ਫੁੱਲ-ਪੱਤੇ ਹਨ, ਜਿਨ੍ਹਾਂ ਨਾਲ ਵਾਤਾਵਰਨ ਨੂੰ ਕੋਈ ਨੁਕਸਾਨ ਨਹੀਂ ਪਹੁੰਚੇਗਾ।


SARDAR JI ACADEMY
...KNOWLEDGE TEST...
CAR, TRUCK, TAXI & AIR BRAKE

ਲਰਨਿੰਗ ਲਾਇਸੈਂਸ ਦੀ ਪੰਜਾਬੀ ਅਤੇ ਅੰਗਰੇਜੀ ਵਿਚ ਤਿਆਰੀ ਕਰਵਾਈ ਜਾਂਦੀ ਹੈ
FORKLIFT TRAINING
ਇਥੇ ਫੋਰਕਲਿਫਟ ਦੇ ਲਾਇਸੈਂਸ ਅਤੇ ਸਿਟੀਜਨਸ਼ਿਪ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ
Ph:778-892-4655
#201-12885-85Ave, Surrey
Near Gurdwara Dashmesh Darbar



LANGLEY
BANQUET HALL

ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder S. Grewal
604-537-9759
info@langleybanquethall.com
3227 264 St UNIT #6, Aldergrove, BC V4W 2X3


# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*25 ਜੂਨ ਦਿਨ ਵੀਰਵਾਰ ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਗੁਰਵਿੰਦਰ ਸਿੰਘ ਪਰਿਵਾਰ ਵੱਲੋਂ

*26 ਜੂਨ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਅਵਤਾਰ ਗੁਰਪੁਰਬ ਛੇਵੇਂ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਬੰਧ ਵਿਚ ਅਖੰਡ ਪਾਠ ਸਾਹਿਬ ਆਰੰਭ ਹਰਵਿੰਦਰ ਸਿੰਘ ਪਨੇਸਰ ਪਰਿਵਾਰ ਵੱਲੋਂ

*ਹਾਲ ਨੰ:(2) ਵਿਚ 26 ਜੂਨ ਦਿਨ ਸ਼ੁੱਕਰਵਾਰ ਸਵੇਰੇ 10:30 ਵਜੇ ਬਰਸੀ ਸੰਤ ਗਿਆਨੀ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਸਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ

*27 ਜੂਨ ਦਿਨ ਸ਼ਨੀਵਾਰ ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਮਨਦੀਪ ਸਿੰਘ ਰਾਜੂ ਪਰਿਵਾਰ ਵੱਲੋਂ

*ਹਾਲ ਨੰ:2 ਵਿਚ 27 ਜੂਨ ਦਿਨ ਸ਼ਨੀਵਾਰ ਸਵੇਰੇ 11 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਜੀਤ ਪਾਲ ਸਿੰਘ ਸੰਧੂ ਪਰਿਵਾਰ ਵੱਲੋਂ

*28 ਜੂਨ ਦਿਨ ਐਤਵਾਰ ਸਵੇਰੇ 9 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ: ਉਪਰੰਤ ਸਮਾਗਮ 12 ਵਜੇ ਤੱਕ ਅਵਤਾਰ ਪੁਰਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਬੰਧ ਵਿਚ ਸਜਣਗੇ।

*ਹਾਲ ਨੰਬਰ (2) ਵਿਚ 28 ਜੂਨ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ: ਉਪਰੰਤ ਦੀਵਾਨ 12 ਵਜੇ ਤੱਕ ਬਰਸੀ ਸਮਾਗਮ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਸਬੰਧ ਵਿਚ ਸਜਣਗੇ

*28 ਜੂਨ ਦਿਨ ਐਤਵਾਰ ਸੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਜਗਜੀਤ ਸਿੰਘ ਖੰਗੂੜਾ ਪਰਿਵਾਰ ਵੱਲੋਂ

*28 ਜੂਨ ਦਿਨ ਐਤਵਾਰ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਨਾਮ ਸਿਮਰਨ ਜਾਪ ਚੌਪਹਿਰਾ ਸਮਾਗਮ ਹੋਣਗੇ।


**ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ**

| ਰਾਗੀ ਜੱਥਾ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਸਤਨਾਮ ਸਿੰਘ<br>ਲੁਧਿਆਣੇ ਵਾਲੇ | ਗਿਆਨੀ ਨਿਰਵੈਲ ਸਿੰਘ<br>ਬੀੜ ਬਾਬਾ ਬੁੱਢਾ ਜੀ ਵਾਲੇ | 604-585-0319 |

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

**ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319**

**ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007**



ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼

5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ

6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ

8-8:30 ਵਜੇ ਤੱਕ: ਕਥਾ ਹੁਕਮਨਾਮਾ

8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ

6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਸਰਕਾਰਾਂ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਕਰ ਰਹੀਆਂ ਹਨ ਕੋਝੇ ਯਤਨ:ਐਡਵੋਕੇਟ ਧਾਮੀ

ਅੰਮ੍ਰਿਤਸਰ:ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲਨਗਰ ਨਾਂਦੇੜ ਦੇ ਪ੍ਰਬੰਧ ਸਬੰਧੀ 1956 ਦੇ ਕਾਨੂੰਨ ਨੂੰ ਰੱਦ ਕਰਕੇ ਨਵਾਂ ਕਾਨੂੰਨ ਬਣਾਏ ਜਾਣ ਸਬੰਧੀ ਫੈਸਲੇ ’ਤੇ ਗਹਿਰੀ ਚਿੰਤਾ ਪ੍ਰਗਟਾਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖ ਕੌਮ ਦੇ ਪੰਜ ਤਖ਼ਤਾਂ ਵਿੱਚੋਂ ਇਕ ਮਹਾਨ ਪਾਵਨ ਅਸਥਾਨ ਹੈ, ਜਿਸ ਦੀ ਮਰਯਾਦਾ, ਪ੍ਰਬੰਧ ਅਤੇ ਧਾਰਮਿਕ ਖ਼ੁਦਮੁਖਤਾਰੀ ਨਾਲ ਜੁੜੇ ਕਿਸੇ ਵੀ ਫੈਸਲੇ ਤੋਂ ਪਹਿਲਾਂ ਸਿੱਖ ਸੰਸਥਾਵਾਂ, ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ, ਸਿੱਖਾਂ ਦੀ ਨੁਮਾਇੰਦੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਲਾਹ-ਮਸ਼ਵਰਾ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਅਜਿਹੇ ਕੋਝੇ ਯਤਨ ਕਰਨ ਰਹੀਆਂ ਹਨ, ਜਿਸ ਨੂੰ ਸਿੱਖ ਸੰਗਤਾਂ ਕਦੇ ਪ੍ਰਵਾਨ ਨਹੀਂ ਕਰਨਗੀਆਂ।

# ਪੰਜਾਬੀ ਛਾ ਗਏ ਓਏ:ਲਾਸ ਏਂਜਲਸ ਨੇ 6 ਜਨਵਰੀ 2027 ਨੂੰ ਦਿਲਜੀਤ ਦੋਸਾਂਝ ਦਿਨ ਐਲਾਨਿਆ



**ਲਾਸਏਂਜਲਸ:-ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਦੀਆਂ ਪ੍ਰਾਪਤੀਆਂ ਦਾ ਸਿਲਸਿਲਾ ਜਾਰੀ ਹੈ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਵਿਸ਼ਵ ਪੱਧਰ ‘ਤੇ ਪਛਾਣ ਦਿਵਾਉਣ ਵਾਲੇ ਇਸ ਪੰਜਾਬੀ ਕਲਾਕਾਰ** ਨੇ ਹੁਣ ਇੱਕ ਹੋਰ ਵੱਡੀ ਕਾਮਯਾਬੀ ਆਪਣੇ ਨਾਮ ਕਰ ਲਈ ਹੈ।ਲਾਸ ਏਂਜਲਸ ਸਿਟੀ ਕੌਂਸਲ ਨੇ ਅਧਿਕਾਰਕ ਤੌਰ ’ਤੇ ਇੱਕ ਪ੍ਰਸਤਾਵ ਪਾਸ ਕਰਕੇ 6 ਜਨਵਰੀ 2027 ਨੂੰ ‘ਦਿਲਜੀਤ ਦੋਸਾਂਝ ਦਿਵਸ’ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਇਹ ਪ੍ਰਸਤਾਵ ਕੌਂਸਲਵੂਮਨ ਮੋਨਿਕਾ ਰੌਡਰਿਗਜ਼ ਵੱਲੋਂ ਪੇਸ਼ ਕੀਤਾ ਗਿਆ ਸੀ।ਇਸ ਪ੍ਰਸਤਾਵ ਰਾਹੀਂ ਭਾਰਤ ਵਿੱਚ ਜੰਮੇ ਗਾਇਕ, ਅਦਾਕਾਰ ਅਤੇ ਨਿਰਮਾਤਾ ਦਿਲਜੀਤ ਦੋਸਾਂਝ ਨੂੰ ਪੰਜਾਬੀ ਸੰਗੀਤ ਨੂੰ ਦੁਨੀਆ ਭਰ ਤੱਕ ਪਹੁੰਚਾਉਣ ਅਤੇ ਅਮਰੀਕੀ ਮੁੱਖਧਾਰਾ ਸੱਭਿਆਚਾਰ ਵਿੱਚ ਦੱਖਣੀ ਏਸ਼ਿਆਈ ਭਾਈਚਾਰੇ ਦੀ ਨੁਮਾਇੰਦਗੀ ਨੂੰ ਮਜ਼ਬੂਤ ਕਰਨ ਲਈ ਸਨਮਾਨਿਤ ਕੀਤਾ ਗਿਆ ਹੈ।ਦਿਲਜੀਤ ਦੋਸਾਂਝ ਨੇ ਆਪਣੇ ਸੰਗੀਤ, ਫਿਲਮਾਂ ਅਤੇ ਅੰਤਰਰਾਸ਼ਟਰੀ ਮੰਚਾਂ ’ਤੇ ਪੇਸ਼ਕਾਰੀਆਂ ਰਾਹੀਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਨਵੀਂ ਪਛਾਣ ਦਿੱਤੀ ਹੈ। ਉਨ੍ਹਾਂ ਦੀ ਲੋਕਪ੍ਰਿਅਤਾ ਸਿਰਫ਼ ਭਾਰਤ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਉਹ ਦੁਨੀਆ ਭਰ ਦੇ ਪੰਜਾਬੀਆਂ ਅਤੇ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿੱਚ ਖਾਸ ਥਾਂ ਬਣਾ ਚੁੱਕੇ ਹਨ।

---

☞ ਮੈਨੂੰ ਸਮਝ ਨਹੀਂ ਆਉਂਦਾ ਕਿ ਇਸ ਵਿੱਚ ਕੀ ਸਮੱਸਿਆ ਹੈ।“

ਤੀਜੀ ਟਿੱਪਣੀ: “ਗੰਦਗੀ ਫੈਲਾਉਣਾ ਗਲਤ ਹੈ, ਇਸ ਦਾ ਕੋਈ ਬਹਾਨਾ ਨਹੀਂ ਹੋ ਸਕਦਾ। ਪਰ ਹਿੰਦੂ ਧਰਮ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਹਿੰਦੂ ਧਰਮ ਦੀ ਕੋਈ ਵੀ ਪਰੰਪਰਾ ਝੀਲ ਨੂੰ ਪ੍ਰਦੂਸ਼ਿਤ ਕਰਨ ਲਈ ਨਹੀਂ ਕਹਿੰਦੀ। ਜੇਕਰ ਕੋਈ ਪਰਿਵਾਰ ਕਿਸੇ ਸਥਾਨਕ ਆਦਤ ਜਾਂ ਬੇਤੁਕੀ ਪਰੰਪਰਾ ਦਾ ਪਾਲਣ ਕਰਦਾ ਹੈ, ਤਾਂ ਉਸ ਵਿਵਹਾਰ ਨੂੰ ਜ਼ਿੰਮੇਵਾਰ ਠਹਿਰਾਓ—ਨਾ ਕਿ ਪੂਰੇ ਧਰਮ ਨੂੰ।“

ਚੌਥੀ ਟਿੱਪਣੀ: “ਹਰ ਕਿਸੇ ਨੂੰ ਦੂਜੇ ਸੱਭਿਆਚਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਭਾਰਤ ਵਿੱਚ ਹੋ ਤਾਂ ਇਹ ਠੀਕ ਹੋ ਸਕਦਾ ਹੈ, ਪਰ ਜਦੋਂ ਤੁਸੀਂ ਬਾਹਰ ਜਾਂਦੇ ਹੋ, ਤਾਂ ਲੋਕ ਗੰਦਗੀ ਪਾਉਣਾ ਪਸੰਦ ਨਹੀਂ ਕਰਦੇ, ਭਾਵੇਂ ਉਹ ਚੀਜ਼ ਕੁਦਰਤੀ ਤੌਰ ‘ਤੇ ਘੁਲਣਸ਼ੀਲ ਹੀ ਕਿਉਂ ਨਾ ਹੋਵੇ। ਲੋਕ ਅਜਿਹੀਆਂ ਹਰਕਤਾਂ ਕਰਦੇ ਰਹਿੰਦੇ ਹਨ ਅਤੇ ਫਿਰ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਨੂੰ ਇੱਜ਼ਤ ਨਹੀਂ ਮਿਲਦੀ।“

ਇਸ ਦੌਰਾਨ, ਇੱਕ ਉਪਭੋਗਤਾ ਨੇ ਤਾਂ ਪਰਿਵਾਰ ‘ਤੇ ਭਾਰੀ ਜੁਰਮਾਨਾ ਲਗਾਉਣ ਦੀ ਮੰਗ ਤੱਕ ਕਰ ਦਿੱਤੀ। ਉਸ ਨੇ ਲਿਖਿਆ, “ਤੁਹਾਡੇ ਕੋਲ ਵੀਡੀਓ ਹੈ ਅਤੇ ਬੱਚਿਆਂ ਦੀ ਪਛਾਣ ਕੀਤੀ ਜਾ ਸਕਦੀ ਹੈ। ਇਸ ਪਰਿਵਾਰ ਨੂੰ ਲੱਭ ਕੇ ਭਾਰੀ ਜੁਰਮਾਨਾ ਲਗਾਇਆ ਜਾਵੇ। ਨਾਲ ਹੀ, ਇਸ ਬਾਰੇ ਭਾਰਤੀ ਰਾਜਦੂਤ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਉਹ ਭਾਰਤੀ ਭਾਈਚਾਰੇ ਵਿੱਚ ਇਹ ਸੰਦੇਸ਼ ਦੇਣ ਕਿ ਅਜਿਹੀਆਂ ਹਰਕਤਾਂ ਨਾ ਕੀਤੀਆਂ ਜਾਣ। ਨਹੀਂ ਤਾਂ, ਕੈਨੇਡਾ ਦੀਆਂ ਨਦੀਆਂ ਵੀ ਜਲਦੀ ਹੀ ਗੰਗਾ ਅਤੇ ਯਮੁਨਾ ਵਰਗੀਆਂ ਹੋ ਜਾਣਗੀਆਂ।“


A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

VELOCITY
TRUCK CENTRES

# YOUR ALL-MAKES, ALL-MODELS PARTS HUB

ਇੱਕ ਗਲੋਬਲ ਇਨਵੈਂਟੋਰੀ ਅਤੇ DTNA ਡਿਸਟ੍ਰੀਬਿਊਸ਼ਨ ਨੈੱਟਵਰਕ ਦੁਆਰਾ ਸਮਰਥਿਤ
ਅਸੀਂ ਤੁਹਾਡੇ ਫਲੀਟ ਨੂੰ ਚਲਦੇ ਰੱਖਦੇ ਹਾਂ। ਹੈਵੀ-ਡਿਊਟੀ ਟਰੱਕਾਂ ਅਤੇ ਟ੍ਰੇਲਰਾਂ ਤੋਂ ਲੈ ਕੇ ਮੋਟਰਹੋਮਾਂ ਤੱਕ
ਅਸੀਂ ਤੁਹਾਨੂੰ ਲੋੜੀਂਦੇ ਪੁਰਜ਼ੇ ਪ੍ਰਦਾਨ ਕਰਦੇ ਹਾਂ ਜਿਸ ਵਿੱਚ ਡੇਟ੍ਰੋਇਟ ਡੀਜ਼ਲ, ਕਮਿੰਸ ਅਤੇ CAT ਸ਼ਾਮਲ ਹਨ।

## ਪਾਰਟਸ ਲਈ ਵੇਲੋਸਿਟੀ ਕਿਉਂ ਚੁਣੋ?

- ਇੱਕ ਗਲੋਬਲ ਡੀਲਰ ਨੈੱਟਵਰਕ ਤੱਕ ਪਹੁੰਚ
- ਡਿਲੀਵਰੀ ਅਤੇ ਸਹਾਇਤਾ ਲਈ ਸਮਰਪਿਤ ਬਾਹਰੀ ਪ੍ਰਤੀਨਿਧ
- ਅਸੈਸਰੀਜ ਅਤੇ ਕਸਟਮਾਈਜੇਸ਼ਨ ਆਪਸ਼ਨਜ
- ਸਾਡੀ ਮਾਹਰ ਸੇਵਾ ਟੀਮ ਦੁਆਰਾ ਇੰਸਟਾਲੇਸ਼ਨ ਸਰਵਿਸ

PART SPECIALS

Monthly Specials
ਨਾਲ ਲੋੜੀਂਦੇ ਪੁਰਜ਼ਿਆਂ
ਤੇ ਬੱਚਤ ਕਰੋ!



DTNA Parts™ | ALLIANCE TRUCK PARTS | Cummins | DETROIT

## ਆਸਾਨੀ ਨਾਲ ਪਾਰਟਸ ਆਰਡਰ ਕਰੋ

ਐਕਸਲੇਰੇਟਰਪਾਰਟਸ ਡਾਟ ਕਾਮ ਅਤੇ ਇਨਰ ਸਰਕਲ ਰਿਵਾਰਡਸਐਸਐਮ ਪ੍ਰੋਗਰਾਮ ਰਾਹੀਂ, ਪਾਰਟਸ ਆਰਡਰ ਕਰਨਾ ਕਦੇ ਵੀ ਸੌਖਾ ਨਹੀਂ ਰਿਹਾ:

* ਪਾਰਟਸ 'ਤੇ ਵੱਧ ਤੋਂ ਵੱਧ ਛੋਟ
* ਵਿਸ਼ੇਸ਼ ਪੇਸ਼ਕਸ਼ਾਂ ਅਤੇ ਵਾਰ-ਵਾਰ ਪ੍ਰੋਮੋਸ਼ਨ
* ਤੇਜ਼, ਸਰਲ VIN-ਅਧਾਰਤ ਆਰਡਰ

ਅੱਜ ਹੀ ਇਨਰ ਸਰਕਲ ਰਿਵਾਰਡਸ ਵਿੱਚ ਸ਼ਾਮਲ ਹੋਵੋ। ਬੱਚਤ ਸ਼ੁਰੂ ਕਰਨ ਲਈ ਆਪਣੇ ਵੇਲੋਸਿਟੀ ਪਾਰਟਸ ਪ੍ਰਤੀਨਿਧੀ ਨਾਲ ਸੰਪਰਕ ਕਰੋ।

EXCELERATOR℠
INNER CIRCLE REWARDS

Search, Find, Buy
ExceleratorParts.com

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

# Call: 672-727-9560

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada






## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਪ੍ਰੋਗਰਾਮਾਂ ਦਾ ਵੇਰਵਾ

ਇਸ ਹਫਤੇ ਗੁਰੂਘਰ ਵਿਖੇ ਸ਼ਹੀਦੀ ਦਿਵਸ ਭਾਈ ਜਗਰੂਪ ਸਿੰਘ ਕਾਲਖ, ਭਾਈ ਹਰਪਿੰਦਰ ਸਿੰਘ ਗੋਲਡੀ ਅਤੇ ਸ਼ਹੀਦੀ ਦਿਵਸ ਬਾਬਾ ਬੰਦਾ ਸਿੰਘ ਬਹਾਦਰ ਜੀ ਮਨਾਏ ਜਾਣਗੇ।

*24 ਜੂਨ ਦਿਨ ਬੁੱਧਵਾਰ ਸ੍ਰੀ ਅਖੰਡ ਪਾਠ ਸਾਹਿਬ ਬੀਬੀ ਜਸਵਿੰਦਰ ਕੌਰ ਪਰਿਵਾਰ ਵੱਲੋਂ

*25 ਜੂਨ ਦਿਨ ਵੀਰਵਾਰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ:
(1)ਭਾਈ ਹਰਭਜਨ ਸਿੰਘ ਗਿੱਲ (2)ਬੀਬੀ ਸੰਦੀਪ ਕੌਰ

*26 ਜੂਨ ਦਿਨ ਸ਼ੁੱਕਰਵਾਰ 4 ਪਰਿਵਾਰਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ:
(1)ਭਾ: ਸਤਨਾਮ ਸਿੰਘ ਸਿੱਧੂ (2)ਭਾ: ਤੀਰਥ ਸਿੰਘ ਸੰਘਾ (3)ਬੀ: ਹਰਭਜਨ ਕੌਰ ਦਿਓਲ (4)ਭਾ: ਅਵਤਾਰ ਸਿੰਘ

*26 ਜੂਨ ਦਿਨ ਸ਼ੁੱਕਰਵਾਰ 3 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ:
1. ਬੀਬੀ ਰਜਨੀਸ਼ ਕੌਰ 2)ਭਾਈ ਗੁਰਕਮਲਪ੍ਰੀਤ ਸਿੰਘ 3)ਭਾਈ ਗੁਰਦੀਪ ਸਿੰਘ ਪਵਾਰ

*26 ਜੂਨ ਦਿਨ ਸ਼ੁੱਕਰਵਾਰ ਦੁਪਹਿਰ 1 ਵਜੇ ਅੰਤਮ ਸਸਕਾਰ ਭਾਈ ਗੁਰਦੀਪ ਸਿੰਘ ਪਵਾਰ, ਅੰਤਮ ਅਰਦਾਸ ਸ਼ਾਮ 4 ਵਜੇ ਹੋਵੇਗੀ।

*27 ਜੂਨ ਦਿਨ ਸ਼ਨਿੱਚਰਵਾਰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ:
(1)ਭਾ: ਜੋਬਨ ਸਿੰਘ ਕੈਲਾ (2)ਭਾ: ਪ੍ਰਤਾਪ ਸਿੰਘ ਰਾਏ

*28 ਜੂਨ ਐਤਵਾਰ 4 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ:
(1)ਭਾ: ਸ਼ਰਨਜੀਤ ਸਿੰਘ (2)ਭਾ: ਮਲਕੀਤ ਸਿੰਘ ਸੱਲ (3)ਭਾ: ਜਸਪਾਲ ਸਿੰਘ (4)ਭਾਈ ਇੰਦਰਜੀਤ ਸਿੰਘ

*28 ਜੂਨ ਦਿਨ ਐਤਵਾਰ ਭੋਗ ਸਹਿਜ ਪਾਠ ਬੀਬੀ ਰਾਜਵਿੰਦਰ ਕੌਰ ਪਰਿਵਾਰ ਵੱਲੋਂ।

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**

# ਗੁਰਦੁਆਰਾ ਬਰੁੱਕ ਸਾਈਡ ਸਰੀ

## (140 ਸਟਰੀਟ ਅਤੇ 84 ਐਵੇਨਿਊ)

## ॥ਜਿਸ ਕੇ ਸਿਰ ਉਪਰ ਤੂੰ ਸੁਆਮੀ ਸੋ ਦੁਖ ਕੈਸਾ ਪਾਵੈ॥






ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਹਿ।।

ਪਿੰਡ ਬਿਲਗਾ ਨਿਵਾਸੀਆਂ ਵੱਲੋਂ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕੋਟ ਕੋਟ ਸ਼ੁਕਰਾਨਾ ਕਰਨ ਲਈ ਜਿਸ ਦੀਆਂ ਮਿਹਰਾਂ ਅਤੇ ਬਖਸ਼ਿਸ਼ਾਂ ਸਦਕੇ (7) ਕੂਲੀਆਂ ਤੇ (7) ਦਰਵਾਜਿਆਂ ਦਾ ਵਰ ਇਸ ਨਗਰ ਨੂੰ, ਗੁਰੂ ਅਰਜਨ ਦੇਵ ਜੀ ਦੇ ਵਿਆਹ ਸਮੇਂ ਜੰਞ ਦੀ ਕੀਤੀ ਸੇਵਾ ਸਦਕੇ ਮਿਲਿਆ ਸੀ।ਗੁਰੂ ਜੀ ਦਾ ਸ਼ੁਕਰਾਨਾ ਕਰਨ ਲਈ ਪ੍ਰਦੇਸਾਂ ਵਿਚ ਬੈਠੇ ਸਾਰੇ ਬਿਲਗਾ ਨਿਵਾਸੀ,ਆਪ ਸਾਰਿਆਂ ਨਾਲ ਰਲ ਮਿਲ ਕੇ ਉਸ ਦਿਨ ਨੂੰ ਮਨਾਉਂਦੇ ਹਨ।ਬੀ ਸੀ ਦੀਆਂ ਸੰਗਤਾਂ ਇਸ ਸਾਲ ਸਾਲਾਨਾ ਜੋੜ ਮੇਲਾ ਮਨਾਉਣ ਲਈ ਗੁਰਦੁਆਰਾ ਬਰੁੱਕਸਾਈਡ (140 ਸਟਰੀਟ-84ਐਵੇਨਿਊ) ਸਰੀ ਵਿਖੇ ਅਖੰਡਪਾਠ ਸਾਹਿਬ ਪ੍ਰਕਾਸ਼ ਕਰਵਾ ਰਹੇ ਹਨ। ਆਪ ਸਾਰੇ ਬਿਲਗਾ ਨਿਵਾਸੀ ਅਤੇ ਸਾਧ ਸੰਗਤ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਮੇਂ ਸਿਰ ਪਹੁੰਚ ਕੇ ਹਾਜਰੀਆਂ ਲਗਵਾਉ ਅਤੇ ਦਾਤੇ ਦੀਆਂ ਦਿੱਤੀਆਂ ਦਾਤਾਂ ਦਾ ਸ਼ੁਕਰਾਨਾ ਕਰਨ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਵਿਚ ਸ਼ਾਮਲ ਹੋਵੋ ਜੀ।

**ਆਰੰਭ ਸ੍ਰੀ ਅਖੰਡਪਾਠ ਸਾਹਿਬ 3 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ**

**ਭੋਗ ਸ੍ਰੀ ਅਖੰਡਪਾਠ ਸਾਹਿਬ 5 ਜੁਲਾਈ ਦਿਨ ਐਤਵਾਰ ਸਵੇਰੇ 10 ਵਜੇ**

**ਸਰਬੱਤ ਦੇ ਭਲੇ ਦੀ ਅਰਦਾਸ ਤੋਂ ਉਪਰੰਤ ਕੀਰਤਨ ਦਰਬਾਰ ਹੋਵੇਗਾ, ਗੁਰੂ ਕਾ ਲੰਗਰ ਸਾਰੇ ਬਿਲਗਾ ਨਿਵਾਸੀਆਂ ਵੱਲੋਂ ਅਤੁੱਟ ਵਰਤੇਗਾ।**


## ਬੇਨਤੀ ਕਰਤਾ

ਬਲਵਿੰਦਰ ਸਿੰਘ ਸੰਘੇੜਾ 604-999-7619
ਜਸਵੀਰ ਸਿੰਘ ਮੱਲ੍ਹੀ 778-881-1317
ਜਸਵੀਰ ਸਿੰਘ ਸੰਘੇੜਾ 778-865-6430

ਤਿਲਕ ਰਾਜ ਪੁਨੀ 778-322-0780
ਮੱਖਣ ਸਿੰਘ ਸੰਘੇੜਾ 604-815-1516

ਡਾ. ਪਾਲ ਸਿੰਘ ਬਿਲਗਾ 778-865-1242
ਸੁਰਜੀਤ ਸਿੰਘ ਸੰਘੇੜਾ 778-865-6795
ਸ਼ਿੰਗਾਰਾ ਸਿੰਘ ਸੰਘੇੜਾ:604-657-5569

# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

24 ਜੂਨ ਦਿਨ ਬੁੱਧਵਾਰ ਸਵੇਰੇ 10 ਵਜੇ ਖੁਸ਼ਵਿੰਦਰ ਕੌਰ ਪੰਨੂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

25 ਜੂਨ ਦਿਨ ਵੀਰਵਾਰ ਸਵੇਰੇ 10 ਵਜੇ ਕਰਮਜੀਤ ਔਜਲਾ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

26 ਜੂਨ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਹਰਵਿੰਦਰ ਬੱਤਰਾ ਪਰਿਵਾਰ ਵੱਲੋਂ ਅਨੰਦ ਕਾਰਜ ਦੀ ਰਸਮ ਹੋਵੇਗੀ।

27 ਜੂਨ ਦਿਨ ਸ਼ਨੀਵਾਰ ਸਵੇਰੇ 10 ਵਜੇ ਗੁਰਦੀਪ ਢੱਡਾ ਪਰਿਵਾਰ ਵੱਲੋਂ ਅਨੰਦ ਕਾਰਜ ਦੀ ਰਸਮ ਹੋਵੇਗੀ।

27 ਜੂਨ ਦਿਨ ਸ਼ਨੀਵਾਰ ਸ਼ਾਮ 5 ਵਜੇ ਸਨੀ ਪੂਨੀ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਪਰਿਵਾਰ ਵੱਲੋਂ ਹੋਵੇਗੀ।

28 ਜੂਨ ਦਿਨ ਐਤਵਾਰ ਸਵੇਰੇ 9:30 ਵਜੇ ਹਰ ਐਤਵਾਰ ਹਫਤਾਵਾਰੀ ਦੀਵਾਨ ਸਜਣਗੇ, ਸੁਖਮਨੀ ਸਾਹਿਬ ਦੇ ਪਾਠ ਉਪਰੰਤ ਪ੍ਰਵੀਨ ਸਿੱਧੂ ਪਰਿਵਾਰ ਵੱਲੋਂ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਹੋਵੇਗੀ।

29 ਜੂਨ ਦਿਨ ਸੋਮਵਾਰ ਸਵੇਰੇ 10 ਵਜੇ ਦਇਆ ਕੌਰ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

### ਵਿਸ਼ੇਸ਼ ਪ੍ਰੋਗਰਾਮ

ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਮਿੱਠਾਪੁਰ ਸੰਗਤਾਂ, ਜ਼ਿਲ੍ਹਾ ਜਲੰਧਰ ਅਤੇ ਸਮੂਹ ਇਲਾਕਾ ਨਿਵਾਸੀਆਂ ਵੱਲੋ, ਬੀ.ਸੀ (ਕੈਨੇਡਾ) ਵਿਚ ਵਸਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਜਾ ਰਹੇ ਹਨ।3 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਅਖੰਡਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 5 ਜੁਲਾਈ ਦਿਨ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਗੁਰਬਾਣੀ ਕੀਰਤਨ ਤੇ ਕਥਾ ਵਿਚਾਰ ਹੋਣਗੇ।ਤਿੰਨੇ ਦਿਨ ਲੰਗਰਾਂ ਦੀ ਸੇਵਾ ਮਿੱਠਾਪੁਰ ਸੰਗਤਾਂ ਵੱਲੋਂ ਹੋਵੇਗੀ।

29 ਜੂਨ ਦਿਨ ਸੋਮਵਾਰ ਦੁਪਹਿਰ 2:30 ਵਜੇ ਦਲਜੀਤ ਸਿੰਘ(ਜੌਨੀ )ਗਰੇਵਾਲ ਨਮਿਤ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਗੁਰਬਾਣੀ ਕੀਰਤਨ ਅੰਤਿਮ ਅਰਦਾਸ ਹੋਵੇਗੀ, ਲੰਗਰਾਂ ਦੀ ਸੇਵਾ ਪਰਿਵਾਰ ਵੱਲੋਂ ਹੋਵੇਗੀ।

30 ਜੂਨ ਦਿਨ ਮੰਗਲਵਾਰ ਸਵੇਰੇ 9.30 ਵਜੇ ਕੁਲਵੰਤ ਸਿੰਘ ਰਾਏ ਪਰਿਵਾਰ ਵੱਲੋਂ ਕੁੜਮਾਈ ਦੀ ਰਸਮ ਦੇ ਸਬੰਧ ‘ਚ ਸੁਖਮਨੀ ਸਾਹਿਬ ਜੀ ਦੇ ਪਾਠ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ।

1 ਜੁਲਾਈ ਦਿਨ ਬੁੱਧਵਾਰ ਸਵੇਰੇ 10 ਵਜੇ ਕਸ਼ਮੀਰ ਸਿੰਘ ਗੋਸਲ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

2 ਜੁਲਾਈ ਦਿਨ ਵੀਰਵਾਰ ਸਵੇਰੇ 10 ਵਜੇ ਸੁਖਰਾਜ ਕੌਰ ਬਸਰਾ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

3 ਜ ਲਾਈ  ਦਿਨ ਸ਼ ੱਕਰਵਾਰ ਸਵੇਰੇ 10 ਵਜੇ ਤੇਜਇੰਦਰਪਾਲ ਢਿੱਲੋਂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

5 ਜੁਲਾਈ ਦਿਨ ਐਤਵਾਰ ਸ਼ਾਮ 5 ਵਜੇ ਮਾਈਕ ਡੋਡ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਜੀ ਦੇ ਪਾਠ ਸਹਿਜ ਪਾਠ ਭੋਗ ਉਪਰੰਤ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਪਰਿਵਾਰ ਵੱਲੋਂ ਹੋਵੇਗੀ।

6 ਜੁਲਾਈ ਦਿਨ ਸੋਮਵਾਰ ਸਵੇਰੇ 10 ਵਜੇ ਜਗਜੀਤ ਸਿੰਘ ਦੁੱਗਲ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

7 ਜੁਲਾਈ ਦਿਨ ਮੰਗਲਵਾਰ ਸਵੇਰੇ 10  ਵਜੇ ਗੁਰਮੀਤ ਸੰਘੇੜਾ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

8 ਜੁਲਾਈ ਦਿਨ ਬੁੱਧਵਾਰ ਸਵੇਰੇ 10 ਵਜੇ ਦਵਦੀਸ਼ ਸਿੰਘ ਪਰਿਵਾਰ ਵੱਲੋਂ ਆਨੰਦ ਕਾਰਜ ਰਸਮ ਹੋਵੇਗੀ।

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ।ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।

ਜਰੂਰੀ ਸੂਚਨਾ: ਪੰਜਾਬੀ ਸਕੂਲ ਦੀਆਂ ਕਲਾਸਾਂ 28 ਜੂਨ ਨੂੰ ਖਤਮ ਹੋ ਰਹੀਆਂ ਹਨ।ਅਗਲਾ ਸੈਸ਼ਨ ਸਤੰਬਰ ਵਿਚ ਸ਼ੁਰੂ ਹੋਵੇਗਾ।ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ, ਪੜ੍ਹ ਤੇ ਲਿਖ ਸਕਣ।ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ**

### ਰੋਜ਼ਾਨਾ ਪ੍ਰੋਗਰਾਮ:

ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ

### ਸ਼ਾਮ ਦੇ ਦੀਵਾਨ:

ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ   ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ   ਸੁਖਆਸਣ ਰਾਤ 8:00 ਵਜੇ

| ਪ੍ਰਧਾਨ | ਖਜ਼ਾਨਚੀ | ਸਕੱਤਰ | ਸਹਾਇਕ ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |

**ਗੁਰਦੁਆਰਾ ਸਾਹਿਬ ਦਾ ਫੋਨ:604-274-7479**

Email:iccc8600@gmail.com

# 2050 ਦੇ ਜ਼ੀਰੋ ਕਾਰਬਨ ਟੀਚੇ ਵੱਲ ਕੈਨੇਡਾ ਦਾ ਵੱਡਾ ਕਦਮ, 10 ਨਵੇਂ ਪ੍ਰਮਾਣੂ ਰਿਐਕਟਰ ਬਣਨਗੇ

ਓਟਵਾ:ਕੈਨੇਡਾ ਨੇ ਆਪਣੀ ਊਰਜਾ ਰਣਨੀਤੀ ਵਿੱਚ ਵੱਡਾ ਬਦਲਾਅ ਕਰਦਿਆਂ ਅਗਲੇ 15 ਸਾਲਾਂ ਵਿੱਚ 10 ਨਵੇਂ ਵੱਡੇ ਪਰਮਾਣੂ ਰਿਐਕਟਰ ਲਗਾਉਣ ਦੀ ਯੋਜਨਾ ਦਾ ਐਲਾਨ ਕੀਤਾ ਹੈ। ਸਰਕਾਰ ਦਾ ਮਕਸਦ 2050 ਤੱਕ ਜ਼ੀਰੋ ਕਾਰਬਨ ਨਿਕਾਸੀ ਹਾਸਲ ਕਰਨਾ ਅਤੇ ਦੇਸ਼ ਦੀ ਬਿਜਲੀ ਉਤਪਾਦਨ ਸਮਰੱਥਾ ਨੂੰ ਦੁੱਗਣਾ ਕਰਨਾ ਹੈ।ਫ਼ੈਡਰਲ ਊਰਜਾ ਮੰਤਰੀ ਟਿਮ ਹੌਜਸਨ ਨੇ ਸੋਮਵਾਰ ਨੂੰ ਨਵੀਂ ਰਾਸ਼ਟਰੀ ਪਰਮਾਣੂ ਰਣਨੀਤੀ ਜਾਰੀ ਕਰਦਿਆਂ ਕਿਹਾ ਕਿ ਇਹ "ਸਿਵਿਲੀਅਨ ਪਰਮਾਣੂ ਪੁਨਰਜਾਗਰਣ" ਦੀ ਸ਼ੁਰੂਆਤ ਹੈ। ਇਸ ਯੋਜਨਾ ਤਹਿਤ ਕੈਨੇਡਾ ਹੋਰ ਦੇਸ਼ਾਂ ਨੂੰ ਆਪਣੇ ਬਣਾਏ ਰਿਐਕਟਰ ਵੇਚਣ ਅਤੇ ਯੂਰੇਨੀਅਮ ਨਿਰਯਾਤ ਨੂੰ ਵੀ ਦੁੱਗਣਾ ਕਰਨ ਦੀ ਤਿਆਰੀ ਕਰ ਰਿਹਾ ਹੈ। ਮਾਹਿਰਾਂ ਮੁਤਾਬਕ ਇਹ ਯੋਜਨਾ ਸਾਫ਼ ਊਰਜਾ ਅਤੇ ਲੰਬੇ ਸਮੇਂ ਦੀ ਊਰਜਾ ਸੁਰੱਖਿਆ ਲਈ ਅਹਿਮ ਮੰਨੀ ਜਾ ਰਹੀ ਹੈ।


NWCIS
NEW WORLD CANADA
IMMIGRATION SERVICES INC.

ਸੰਨ 2011 ਤੋਂ ਸਫਲਤਾਪੂਰਵਕ
ਚੱਲ ਰਿਹਾ ਕਨੇਡਾ ਵਿਚ ਇਮੀਗ੍ਰੇਸ਼ਨ
ਦਾ ਦਫ਼ਤਰ

ਵਧੇਰੇ ਜਾਣਕਾਰੀ ਲਈ
ਸੰਪਰਕ ਕਰੋ :
604-575-8000
Tel: 604-572-4000 FAX: 604-572-7268
Email: info@newworldcanada.ca
Unit #262 —12899 76TH Ave
iccrc crcic





Balwinderjit Singh Bassi
Certified Immigration Consultant
Member ICCRC

INDOOR WATER FALLS BY:
KALSI
Aluminum Products
• Patio Covers
• Sunrooms
• Aluminium & Glass Railing
• Fences
• Gate
• Security Bars
• Water Falls





Bring WATERFALL
In Your Office/House
Call a Professional Installer, Not A Salesman
604-763-5679
#108-13030-115Ave, Surrey, BC
www.kalsialuminum.com

ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases





"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਨੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

THE CARPLAZA CAR ACCESSORIES
THE CARPLAZA
CAR ACCESSORIES
All Types Of Car Accessories & Installation Available
ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ





*Seat Covers *Matts
*Woofers & Ambient Lights
*Android Car Player Available





Especially For Uber & Lyft Camera
778-977-0032, 778-713-6949
#5-12357-82A Ave, Surrey, BC

# ਤੇਤਾਯੁਗੀ ਰਾਮ-ਰਾਜ ਤੋਂ ਕਿਤੇ ਬਿਹਤਰ ਸੀ 18ਵੀਂ ਸਦੀ ਦਾ ਖ਼ਾਲਸਾ ਰਾਜ:ਜਾਚਕ



ਕੋਟਕਪੂਰਾ (ਗੁਰਿੰਦਰ ਸਿੰਘ): ਭਾਰਤੀ ਜਨਤਾ ਪਾਰਟੀ ਨੇ ਅਯੁਧਿਆ ਵਿਚ ਰਾਮ ਮੰਦਰ ਦੀ ਉਸਾਰੀ ਕਰਵਾ ਕੇ ਅਤੇ ਸਾਰੇ ਭਾਰਤ ਵਿਚ ਰਾਮ-ਰਾਜ ਦੀ ਸ੍ਰੇਸ਼ਟਤਾ ਦਾ ਪ੍ਰਚਾਰ ਕਰ ਕੇ ਕੇਂਦਰ ਦੀ ਰਾਜ-ਸੱਤਾ ਸੰਭਾਲੀ ਹੈ ਪਰ ਹੁਣ ਜਦੋਂ ਉਸ ਨੇ ਪੰਜਾਬ ਦੀ ਰਾਜ-ਸੱਤਾ ਸੰਭਾਲਣ ਦੀ ਤਿਆਰੀ ਵਿੱਢੀ ਤਾਂ ਉਸ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਅਤੇ ਸੂਬਾਈ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪੰਜਾਬੀਆਂ ਸਾਹਮਣੇ ਰਾਮ-ਰਾਜ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਵਰਗਾ ਰਾਜ ਪ੍ਰਬੰਧ ਦੇਣ ਦੇ ਦਾਅਵੇ ਕਰਨੇ ਸ਼ੁਰੂ ਕਰ ਦਿਤੇ ਹਨ। ਭਾਵੇਂ ਕਿ ਯੂ.ਪੀ. ਵਰਗੇ ਭਾਜਪਾਈ ਸੱਤਾ ਵਾਲੇ ਰਾਜਾਂ ਵਿਚ ਮੁਸਲਮਾਨਾਂ, ਈਸਾਈਆਂ ਤੇ ਸ਼ੂਦਰਾਂ ਨਾਲ ਧੱਕੇ ਤੇ ਅਨਿਆਂ ਦੀਆਂ ਬੇਅੰਤ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ। ਇਸ ਵਿਚਾਰਧਾਰਕ ਪ੍ਰੀਵਰਤਨ ਦੇ ਦੋ ਹੀ ਅਰਥ ਨਿਕਲਦੇ ਹਨ, ਪਹਿਲਾ ਤੇ ਵਿਸ਼ੇਸ਼ ਹੈ ਕਿ ਖ਼ਾਲਸਾ ਰਾਜ, ਰਾਮ-ਰਾਜ ਤੋਂ ਬਿਹਤਰ ਹੈ ਜਾਂ ਭਾਜਪਾ ਦੀ ਪੰਜਾਬੀਆਂ ਨੂੰ ਲੁਭਾਉਣ ਦੀ ਇਕ ਰਾਜਨੀਤਕ ਕੁਟਿਲ ਚਾਲ ਹੈ। ਉਸ ਨੂੰ ਪਤਾ ਹੈ ਕਿ ਗੁਰੂਆਂ ਦੇ ਨਾਂਅ 'ਤੇ ਵਸਦੇ ਪੰਜਾਬ ਵਿਚ ਰਾਮ- ਰਾਜ ਦਾ ਰਾਜਨੀਤਕ ਪੱਤਾ ਨਹੀਂ ਚਲਦਾ। ਇਹ ਵਿਚਾਰ ਹਨ ਯੂਨੀਵਰਸਲ ਪੀਸ ਫ਼ੈਡਰੇਸ਼ਨ ਨਿਊਯਾਰਕ ਦੇ ਆਨਰੇਰੀ ਰਾਜਦੂਤ ਅਤੇ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ ਦੇ, ਜੋ ਉਨ੍ਹਾਂ ਨਿਊਯਾਰਕ ਤੋਂ ਈਮੇਲ ਰਾਹੀਂ ਸਾਡੇ ਇਸ ਪੱਤਰਕਾਰ ਨਾਲ ਸਾਂਝੇ ਕੀਤੇ ਹਨ। ਉਨ੍ਹਾਂ ਲਿਖਿਆ ਹੈ ਕਿ ਵਾਲਮੀਕੀ ਰਮਾਇਣ ਮੁਤਾਬਕ ਤ੍ਰੇਤਾਯੁਗੀ ਰਾਜਾ ਸ਼੍ਰੀ ਰਾਮਚੰਦਰ ਨੇ ਸੰਭੂਕ ਰਿਸ਼ੀ ਦਾ ਕਤਲ ਕੀਤਾ, ਕਿਉਂਕਿ ਮਨੂੰਵਾਦੀ ਮਰਿਆਦਾ ਮੁਤਾਬਕ ਉਹ ਸ਼ੂਦਰ ਹੋਣ ਕਰ ਕੇ ਰੱਬੀ ਭਗਤੀ ਕਰਨ ਦਾ ਅਧਿਕਾਰ ਨਹੀਂ ਸੀ ਰੱਖਦਾ। ਸ਼੍ਰੀ ਰਾਮ ਨੇ ਅਪਣੀ ਗਰਭਵਤੀ ਪਤਨੀ ਸੀਤਾ ਜੀ ਨੂੰ ਲੰਕਾਪਤੀ ਰਾਵਣ ਪੱਖੋਂ ਸ਼ੱਕ ਦੀ ਬਿਨਾਅ 'ਤੇ ਘਰੋਂ ਕਢਿਆ, ਉਹ ਵੀ ਉਸ ਸਮੇਂ ਜਦੋਂ ਉਹ ਪਤੀਤਾ ਹੋਣ ਦੀਆਂ ਸਾਰੀਆਂ ਪ੍ਰੀਖਿਆਵਾਂ ਪਾਸ ਕਰ ਚੁੱਕੀ ਸੀ ਪਰ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਵਿਚ ਕਿਸੇ ਸ਼ੂਦਰ ਜਾਂ ਔਰਤ ਨਾਲ ਅਜਿਹਾ ਰਾਜਨੀਤਕ ਧੱਕਾ ਨਹੀਂ ਹੋਇਆ। ਸਾਰੇ ਲੋਕ ਸੁਖੀ ਵਸਦੇ ਰਹੇ, ਸਾਰੇ ਮੰਨਦੇ ਹਨ ਕਿ ਨਿਆਂ ਪੱਖੋਂ ਕਿਸੇ ਨੂੰ ਸਜ਼ਾ-ਏ-ਮੌਤ ਨਹੀਂ ਦਿਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਜਿਸ ਰਾਮ- ਰਾਜ ਦੀ ਚਰਚਾ ਕੀਤੀ ਮਿਲਦੀ ਹੈ, ਉਹ ਸਰਬਸਾਂਝਾ ਰੱਬੀ ਰਾਮ-ਰਾਜ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦਾ ਆਦਰਸ਼ ਸੀ। ਇਸੇ ਨੂੰ ਗੁਰੂ ਗ੍ਰੰਥ ਸਾਹਿਬ ਵਿਖੇ ਹਲੀਮੀ ਰਾਜ ਤੇ ਭਗਤ ਰਵਿਦਾਸ ਜੀ ਦੇ ਸ਼ਬਦਾਂ ਵਿਚ ਬੇਗ਼ਮਪੁਰਾ ਆਖਿਆ ਗਿਆ ਹੈ।

# ਕੈਨੇਡਾ 'ਚ ਬਜ਼ੁਰਗਾਂ ਤੋਂ ਨਗਦੀ ਖੋਹਣ ਵਾਲਾ ਭਾਰਤੀ ਗ੍ਰਿਫ਼ਤਾਰ

ਵੈਨਕੂਵਰ- ਕੈਨੇਡਾ ਦੇ ਓਨਟਾਰੀਓ ਸੂਬੇ ਦੀ ਪੀਲ ਪੁਲਿਸ ਨੇ ਭਾਰਤੀ ਮੂਲ ਦੇ ਇੱਕ ਅਜਿਹੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਬੈਂਕਾਂ ਦੇ ਏ.ਟੀ.ਐੱਮ. 'ਚੋਂ ਪੈਸੇ ਕਢਵਾਉਣ ਆਉਣ ਵਾਲੇ ਬਜ਼ੁਰਗਾਂ ਤੋਂ ਨਕਦੀ ਖੋਹ ਕੇ ਫ਼ਰਾਰ ਹੋ ਜਾਂਦਾ ਸੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ 34 ਸਾਲਾ ਸੁਰੇਸ਼ ਕੁਮਾਰਮ ਰਾਜਾਪੂਰਥੀਨਮ ਵਜੋਂ ਹੋਈ ਹੈ। ਪੁਲਿਸ ਮੁਤਾਬਕ ਇਹ ਵਿਅਕਤੀ ਅਕਸਰ ਬੈਂਕਾਂ ਦੇ ਏ.ਟੀ.ਐੱਮ. ਕੋਲ ਖੜ੍ਹਾ ਰਹਿੰਦਾ ਸੀ ਅਤੇ ਕਿਸੇ ਬਜ਼ੁਰਗ ਵੱਲੋਂ ਪੈਸੇ ਕਢਵਾਉਣ ਦੀ ਤਾਕ ਵਿਚ ਰਹਿੰਦਾ ਸੀ। ਜਿਵੇਂ ਹੀ ਕੋਈ ਬਜ਼ੁਰਗ ਜਾਂ ਵੱਡੀ ਉਮਰ ਦਾ ਆਦਮੀ ਜਾਂ ਔਰਤ ਪੈਸੇ ਕਢਵਾ ਕੇ ਗਿਣਨ ਲੱਗਦੇ, ਇਹ ਮੁਲਜ਼ਮ ਝਪਟਾ ਮਾਰ ਕੇ ਨਕਦੀ ਖੋਹ ਲੈਂਦਾ ਅਤੇ ਉੱਥੋਂ ਭੱਜ ਜਾਂਦਾ ਸੀ। ਪਿਛਲੇ ਕੁਝ ਮਹੀਨਿਆਂ ਦੌਰਾਨ ਉਸ ਨੇ ਕਈ ਬਜ਼ੁਰਗਾਂ ਨਾਲ ਇਸ ਤਰ੍ਹਾਂ ਦੀਆਂ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦਿੱਤਾ। ਸੀ.ਸੀ.ਟੀ.ਵੀ. ਕੈਮਰਿਆਂ ਦੀ ਅੱਖ ਤੋਂ ਬਚਣ ਲਈ ਉਹ ਹਮੇਸ਼ਾ ਮਾਸਕ ਪਾ ਕੇ ਰੱਖਦਾ ਸੀ।

"RECOGNIZE ALL HUMAN RACE AS ONE"

**Khalsa Diwan Society**
**GURDWARA SAHIB SUKH SAGAR** (EST. 1906)

June 23, 2026

**NOTICE OF SPECIAL GENERAL MEETING**

Notice is hereby given that a Special General Meeting of the members of Khalsa Diwan Society, New Westminster will be held as follows:

**Date:** July 12, 2026
**Time:** 11:00am
**Location:** Sukh Sagar Gurdwara; 347 Wood Street, New Westminster, BC

Special Resolution

**BE IT RESOLVED THAT:**

1. The Society is authorized to establish and maintain a Line of Credit facility with VanCity Credit Union in an amount not to exceed $2,500,000 (Two Million Five Hundred Thousand Dollars);
2. The Board of Directors is authorized to negotiate, approve, and finalize the terms and conditions of such Line of Credit facility;
3. Any two authorized signing officers and/or directors of the Society, as designated by the Board, are authorized to execute and deliver all agreements, security documents, resolutions, guarantees, certificates, and other instruments necessary or desirable to obtain and maintain the Line of Credit facility; and
4. Any actions previously taken by the Board of Directors or officers of the Society in connection with the proposed financing are hereby ratified, confirmed, and approved."

The proposed Line of Credit will provide the organization with financial flexibility to support its operations, capital projects, and other approved organizational initiatives. Representatives of the Board will be available at the meeting to provide details regarding the proposed financing arrangement and answer questions from members.

Harbhajan Singh Athwal
KDS New Westminster, President

www.sukhsagar.ca
347 Wood Street, New Westminster, BC






# ਸੈਨ ਫ੍ਰਾਂਸਿਸਕੋ ‘ਚ ਦਿਲਜੀਤ ਦੋਸਾਂਝ ਦੇ ਸ਼ੋਅ ਦੌਰਾਨ ਖ਼ਾਲਿਸਤਾਨ ਸਮਰਥਕ ਕਾਰਕੁੰਨ ਸਟੇਜ ‘ਤੇ ਚੜ੍ਹੇ

ਸੈਨ ਫ੍ਰਾਂਸਿਸਕੋ(ਮਨਪ੍ਰੀਤ ਸਿੰਘ ਖ਼ਾਲਸਾ):ਸੈਨ ਫ੍ਰਾਂਸਿਸਕੋ ਵਿੱਚ ਹੋਏ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਦੇ ਲਾਈਵ ਸ਼ੋਅ ਦੌਰਾਨ ਉਸ ਵੇਲੇ ਹਲਚਲ ਮਚ ਗਈ ਜਦੋਂ ਇੱਕ ਖਾਲਿਸਤਾਨ ਰੈਫਰੈਂਡਮ ਸਮਰਥਕ ਕਾਰਕੁਨ ਖਾਲਿਸਤਾਨ ਦੇ ਝੰਡੇ ਲੈ ਕੇ ਸਟੇਜ ‘ਤੇ ਪਹੁੰਚ ਗਿਆ ਤੇ ਦਿਲਜੀਤ ਨਾਲ ਸਵਾਲ ਕਰਨ ਲੱਗਾ।

ਇਸ ਮੌਕੇ ਖਾਲਿਸਤਾਨ ਕਾਰਕੁਨ ਨੇ “ਖਾਲਿਸਤਾਨ ਜ਼ਿੰਦਾਬਾਦ’ ਦੇ ਨਾਅਰੇ ਲਗਾਏ ਅਤੇ ਦਿਲਜੀਤ ਦੋਸਾਂਝ ਨਾਲ ਖਾਲਿਸਤਾਨ ਦਾ ਝੰਡਾ ਚੁੱਕ ਭੰਗੜਾ ਪਾਉਣ ਲੱਗਾ ਅਤੇ ਦੁਸਾਂਝ ਨੂੰ ਕੁਝ ਮੁੱਦਿਆਂ ਸਬੰਧੀ ਸਵਾਲ ਵੀ ਕੀਤੇ।

ਦੱਸਿਆ ਜਾ ਰਿਹਾ ਹੈ ਕਿ ਇਹ ਸਵਾਲ 18 ਜੂਨ ਨੂੰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸ਼ੋਅ ਕਰਨ, ਸ਼ਹੀਦ ਹਰਦੀਪ ਸਿੰਘ ਨਿੱਝਰ ਦੀ ਤੀਜੀ ਬਰਸੀ ਅਤੇ 1984 ਨਾਲ ਜੁੜੇ ਗੰਭੀਰ ਮੁੱਦਿਆਂ ਬਾਰੇ ਸਨ।ਘਟਨਾ ਦੌਰਾਨ ਕੁਝ ਸਮੇਂ ਲਈ ਸ਼ੋਅ ਵਿੱਚ ਰੁਕਾਵਟ ਆਈ, ਜਿਸ ਤੋਂ ਬਾਅਦ ਸੁਰੱਖਿਆ ਕਰਮਚਾਰੀਆਂ ਨੇ ਸਥਿਤੀ ਨੂੰ ਸੰਭਾਲਿਆ ਤੇ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ । ਇਸ ਤੋਂ ਬਾਅਦ ਪ੍ਰੋਗਰਾਮ ਮੁੜ ਜਾਰੀ ਰਿਹਾ।ਗ੍ਰਿਫਤਾਰ ਸਿੰਘ ਨੇ ਕਿਹਾ ਕਿ ਗੁਰੂ ਮਹਾਰਾਜ ਨੇ ਆਪਣੇ ਸਿੱਖ ਤੋ ਸੇਵਾ ਲਈ ਹੈ।ਇਸ ਘਟਨਾ ਦੀਆਂ ਵੀਡੀਓਜ਼ ਸੋਸ਼ਲ ਮੀਡੀਆ ‘ਤੇ ਤੇਜ਼ੀ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ‘ਤੇ ਵੱਖ-ਵੱਖ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਸਾਹਮਣੇ ਆ ਰਹੀਆਂ ਹਨ।







ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200

TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।

ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ
ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
604-729-3225
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

SINGH RAJ
RENOVATION CO.

We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
SPECIALISTS IN
Maintain+Repair & New Installation
Reasonable Rates
20Yrs Exprienced
Call Raj: 778-229-9261

STORM
ELECTRIC LTD.
Residential & Commercial
Licenced & Bonded

*All Kinds Of Electrical Service
*Best Rate
*Friendly Service
*Quality Workmanship
Mandeep Dhaliwal
(Certified Electrician)
778-994-7207
Email:stormelectricltd@gmail.com

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ

Contact for Kitchen Cabinet & Counter Tops in Homes
ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
236-234-4081

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੇਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ : 604-725-6270

GARCHA Plumbing Heating & Repair Ltd.

15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

# ਚਸ਼ਮਦੀਦ ਗਵਾਹ ਨੇ ਕਿਹਾ:ਪਹਿਲਾਂ ਹੋਇਆ ਸੀ ਨਿਹੰਗ ਸਿੰਘਾਂ ਉੱਤੇ ਹਮਲਾ ਨਿਹੰਗ ਸਿੰਘਾਂ ਨੇ ਸਿਰਫ਼ ਆਪਣੇ ਬਚਾਅ ਲਈ ਚਲਾਈਆਂ ਕਿਰਪਾਨਾਂ

ਦੇਹਰਾਦੂਨ (ਉਤਰਾਖੰਡ): ਉੱਤਰਾਖੰਡ ਦੇ ਰੁਦਰਪ੍ਰਯਾਗ ਅਤੇ ਕਰਨਪ੍ਰਯਾਗ ਇਲਾਕੇ ਵਿੱਚ ਨਿਹੰਗ ਸਿੰਘਾਂ ਅਤੇ ਸਥਾਨਕ ਲੋਕਾਂ ਵਿਚਾਲੇ ਹੋਏ ਵਿਵਾਦ ਨੂੰ ਲੈ ਕੇ ਸੋਸ਼ਲ ਮੀਡੀਆ ਉੱਤੇ ਇੱਕ ਨਵਾਂ ਵੀਡੀਓ ਸਾਹਮਣੇ ਆਇਆ ਹੈ।ਇਸ ਵੀਡੀਓ ਵਿੱਚ ਇੱਕ ਨੌਜਵਾਨ ਟ੍ਰਾਂਸਪੋਰਟਰ ਆਪਣੇ ਆਪ ਨੂੰ ਘਟਨਾ ਦਾ ਚਸ਼ਮਦੀਦ ਗਵਾਹ ਦੱਸਦਿਆਂ ਪੂਰੇ ਮਾਮਲੇ ਬਾਰੇ ਆਪਣਾ ਪੱਖ ਰੱਖ ਰਿਹਾ ਹੈ।ਵੀਡੀਓ ਵਿੱਚ ਨੌਜਵਾਨ ਦਾ ਦਾਅਵਾ ਹੈ ਕਿ ਘਟਨਾ ਦੀ ਸ਼ੁਰੂਆਤ ਨਿਹੰਗ ਸਿੰਘਾਂ ਵੱਲੋਂ ਨਹੀਂ ਕੀਤੀ ਗਈ ਸੀ। ਉਸ ਦੇ ਮੁਤਾਬਕ ਪਹਿਲਾਂ ਕੁਝ ਸਥਾਨਕ ਲੋਕਾਂ ਨੇ ਨਿਹੰਗ ਸਿੰਘਾਂ ਉੱਤੇ ਡੰਡਿਆਂ ਅਤੇ ਹੋਰ ਚੀਜ਼ਾਂ ਨਾਲ ਹਮਲਾ ਕੀਤਾ, ਜਿਸ ਤੋਂ ਬਾਅਦ ਨਿਹੰਗ ਸਿੰਘਾਂ ਨੇ ਆਪਣੀ ਸੁਰੱਖਿਆ ਲਈ ਜਵਾਬੀ ਕਾਰਵਾਈ ਕੀਤੀ।ਵੀਡੀਓ ਵਿੱਚ ਬੋਲ ਰਹੇ ਨੌਜਵਾਨ ਦਾ ਕਹਿਣਾ ਹੈ ਕਿ ਉਹ ਘਟਨਾ ਵਾਲੇ ਸਮੇਂ ਮੌਕੇ 'ਤੇ ਮੌਜੂਦ ਸੀ। ਉਸ ਦੇ ਅਨੁਸਾਰ ਸੋਸ਼ਲ ਮੀਡੀਆ ਅਤੇ ਕੁਝ ਹੋਰ ਮੰਚਾਂ ਉੱਤੇ ਘਟਨਾ ਨੂੰ ਇਕ ਪੱਖੀ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ।

# ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੀ ਕੌਮ ਨੂੰ ਦੇਣ

ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਸਾਹਿਬ ਦੀ 100 ਸਾਲਾ ਸਤਾਬਦੀ ਅਗਲੇ ਸਾਲ ਦੇਸ ਵਿਦੇਸ਼ ਵਿਚ ਮਨਾਈ ਜਾ ਰਹੀ ਹੈ।ਜਿੱਥੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵੱਲੋ ਸਮਾਗਮ ਕਾਲਜ ਵਿਚ ਹੋਣਗੇ ਉਥੇ ਕਨੇਡਾ ਅਮਰੀਕਾ ਇੰਗਲੈਡ ਪੁਰਤਕਾਲ ਜਰਮਨੀ ਵਿਚ ਕਾਲਜ ਤੋ ਪੜੇ ਵਿਦਿਆਰਥੀਆ ਗਿ. ਕੇਵਲ ਸਿੰਘ ਨਿਰਦੋਸ਼ ਕੈਮਲੂਪਸ, ਗਿ. ਜਸਬੀਰ ਸਿੰਘ ਜੀ ਹੈੱਡ ਗਰੰਥੀ ਗੁਰਦੁਆਰਾ ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ, ਗਿ. ਨਰਿੰਦਰਪਾਲ ਸਿੰਘ ਜੀ ਹੁੰਦਲ ਕੈਲਾਫੋਰਨੀਆ, ਗਿ. ਹਰਜਿੰਦਰ ਸਿੰਘ ਨਾਗੋ ਤੇ ਦਾਸ ਗਿ. ਬਲਬੀਰ ਸਿੰਘ ਚੰਗਿਆੜਾ ਨੇ ਹੋਰ ਸਹਿਯੋਗੀਆ ਦਾ ਸਹਿਯੋਗ ਲੈ ਕੇ ਤਿਆਰੀਆ ਅਰੰਭ ਕਰ ਦਿੱਤੀਆ ਹਨ।

2 ਅਕਤੂਬਰ 1927 ਨੂੰ ਸਹੀਦ ਸਿਖ ਮਿਸਨਰੀ ਕਾਲਜ ਦੇ ਪਹਿਲੇ ਵਿਦਿਆਰਥੀਆ ਦੀ ਕਲਾਸ ਸੂਰੂ ਹੋਈ ਜਿਸ ਸਮੇ ਦੇ ਉਸਤਾਦਾਂ ਤੇ ਵਿਦਿਆਰਥੀਆਂ ਦਾ ਜਿਕਰ ਤੁਹਾਡੇ ਨਾਲ ਸਾਝਾ ਕੀਤਾ ਸੀ।ਅੱਜ ਕਾਲਜ ਵਿਚੋ ਪੁਰਾਣੇ ਪੜਕੇ ਗਏ ਵਿਦਿਆਰਥੀਆ ਦਾ ਜਿਕਰ ਕਰ ਰਿਹਾ ਹਾਂ ।ਮਾਣ ਹੈ ਸ਼ਹੀਦ ਸਿੱਖ ਮਿਸਨਰੀ ਕਾਲਜ ਨੂੰ ਜਿਸ ਦੇ ਵਿਦਿਆਰਥੀ ਗਿ ਜੈਲ ਸਿੰਘ ਦੇਸ਼ ਦੇ ਰਾਸ਼ਟਰਪਤੀ ਬਣੇ।ਭਾਈ ਨਿਰਮਲ ਸਿੰਘ ਖਾਲਸਾ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਜਿਹਨਾਂ ਨੂੰ ਪਦਮ ਭੂਸਨ ਅਵਾਰਡ ਨਾਲ ਸਨਮਾਨ ਕੀਤਾ ਗਿਆ।ਇਸ ਕਾਲਜ ਦੇ ਵਿਦਿਆਰਥੀ ਗਿਆਨੀ ਸਾਹਿਬ ਸਿੰਘ ਜੀ ਹੈਂਡ ਗਰੰਥੀ ਸ੍ਰੀ ਦਰਬਾਰ ਸਾਹਿਬ, ਗਿ ਗੁਰਬਚਨ ਸਿੰਘ ਜੀ ਹੈਡ ਗਰੰਥੀ ਸ੍ਰੀ ਦਰਬਾਰ ਸਾਹਿਬ, ਗਿ ਸੋਹਣ ਸਿੰਘ ਜੀ ਹੈਡ  ਗਰੰਥੀ ਸ੍ਰੀ ਦਰਬਾਰ ਸਾਹਿਬ,ਗਿ ਅਮਰਜੀਤ ਸਿੰਘ ਜੀ ਹੈਡ ਗਰੰਥੀ ਸ੍ਰੀ ਦਰਬਾਰ ਸਾਹਿਬ, ਸਿੰਘ ਸਾਹਿਬ ਗਿ. ਸਾਧੂ ਸਿੰਘ ਜੀ ਭੌਰਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸਿੰਘ ਸਾਹਿਬ, ਪ੍ਰੋਫੈਸਰ ਮਨਜੀਤ ਸਿੰਘ ਜੀ ਸਿੰਘ, ਸਾਹਿਬ ਗਿ. ਸਰਮ ਸਿੰਘ ਜੀ ਸਿੰਘ ਸਾਹਿਬ, ਗਿ ਕੇਵਲ ਸਿੰਘ ਜੀ ਸਿੰਘ ਸਾਹਿਬ, ਗਿ ਭਗਵਾਨ ਸਿੰਘ ਜੀ, ਗਿ. ਬਾਦਲ ਸਿੰਘ ਜੀ, ਮਹੰਤ ਬਚਿਤਰ ਸਿੰਘ ਜੀ, ਗਿ. ਪ੍ਰੀਤਮ ਸਿੰਘ ਜੀ ਅਜਾਦ ਹਿੰਦ ਫੌਜ, ਗਿ. ਕੇਹਰ ਸਿੰਘ ਵੈਰਾਗੀ, ਕਲਮ ਦੇ ਧਨੀ ਡਾ ਸਾਧੂ ਸਿੰਘ ਹਮਦਰਦ ਅਜੀਤ ਅਖਬਾਰ ਦੇ ਐਡੀਟਰ, ਗਿ. ਸਾਦੀ ਸਿੰਘ ਅਕਾਲੀ ਪੱਤ੍ਰਿਕਾ, ਸ. ਅਮਰ ਸਿੰਘ ਦੁਸਾਂਝ, ਜਥੇਦਾਰ ਹਰਚਰਨ ਸਿੰਘ ਹੁਡਿਆਰਾ, ਈਸ਼ਰ ਸਿੰਘ ਮਝੈਲ, ਸੰਸਾਰ ਪ੍ਰਸਿੱਧ ਕਵੀ ਚਰਨ ਸਿੰਘ ਸਫਰੀ, ਅਮਰ ਸਿੰਘ ਅੰਬਾਲਵੀ ਵਰਗੇ ਹੀਰੇ ਪੈਦਾ ਕੀਤੇ।



ਇਨ੍ਹਾਂ ਤੋਂ ਇਲਾਵਾ ਗੁਰਬਖਸ਼ ਸਿੰਘ ਸ਼ਾਂਤ, ਉਸਤਾਦ ਅਮਰੀਕ ਸਿੰਘ ਜੀ ਤਲਵੰਡੀ ਸਾਬੋ, ਭਾਈ ਗੋਪਾਲ ਸਿੰਘ ਜੀ ਅਮਰੀਕਾ, ਗਿ ਸਰਵਣ ਸਿੰਘ ਜੀ, ਗਿ ਅਮਰੀਕ ਸਿੰਘ ਪੋਲੈਂਡ, ਭਾਈ ਹਰਜਿੰਦਰ ਸਿੰਘ ਜੀ ਲੰਡਨ, ਗਿ ਸੁਖਦੇਵ ਸਿੰਘ ਜਰਮਨੀ, ਭਾਈ ਗੁਰਚਰਨ ਸਿੰਘ ,ਭਾਈ ਦੇਵਿੰਦਰ ਸਿੰਘ, ਭਾਈ ਮੁਖਤਿਆਰ ਸਿੰਘ, ਭਾਈ ਬਲਵੰਤ ਸਿੰਘ, ਭਾਈ ਕਰਮਜੀਤ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਰਤਨ ਸ਼ਿਘ, ਭਾਈ ਮਲਕੀਤ ਸਿੰਘ, ਭਾਈ ਆਗਿਆਪਾਲ ਸਿੰਘ, ਭਾਈ ਮਹਿੰਦਰ ਸਿੰਘ, ਭਾਈ ਸੁਦਾਗਰ ਸਿੰਘ ਜੀ ਵਾਰਗੇ ਹੀਰੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚੋਂ ਪੈਦਾ ਹੋਏ ਜਿਹਨਾਂ ਨੇ ਬਤੋਰੇ ਪ੍ਰਚਾਰਕ ਰਾਗੀ ਢਾਡੀ ਕਥਾ ਵਾਚਕ ਸੰਸਾਰ ਵਿੱਚ ਨਾਮ ਪੈਦਾ ਕੀਤਾ ਮਾਣ ਹੈ ਕਾਲਜ ਦੇ ਮਹਾਨ ਉਸਤਾਦਾ ਤੇ ਜਿਹਨਾ ਨੇ ਵਿਦਿਆ ਦੀਆ ਦਾਤਾ ਦੇਕੇ ਇਸ ਕਾਬਲ ਬਨਾਇਆ। ।ਅਗਲੇ ਸਾਲ ਸੋ ਸਾਲਾਂ ਸ਼ਤਾਬਦੀ ਕਾਲਜ ਦੀ ਆ ਰਹੀ ਹੈ ਸਮੂਹ ਸੰਸਾਰ ਭਰ ਵਿੱਚ ਵਿਚਰ ਰਹੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਵਿਦਿਆਰਥੀਆਂ ਨੂੰ ਬੇਨਤੀ ਹੈ ਕਿ ਉਹ ਇਸ ਕਾਲਜ ਵਿੱਚ ਤੇ ਵੱਖ-ਵੱਖ ਦੇਸ਼ਾਂ ਵਿੱਚ ਸੋ ਸਾਲਾਂ ਸ਼ਤਾਬਦੀ ਸਮਾਗਮਾਂ ਵਿੱਚ ਸ਼ਾਮਲ ਹੋਣ।

**–ਗਿ ਬਲਬੀਰ ਸਿੰਘ ਚੰਗਿਆੜਾ, ਅੰਤਰਰਾਸ਼ਟਰੀ ਸਿੱਖ ਪ੍ਰਚਾਰਕ**


ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ
ਅਤੇ ਵਿਦੇਸ਼ ਵਿੱਚ ਬੈਠਿਆਂ ਹੀ ਉਸਦਾ ਹੱਲ ਲੱਭਣਾ ਹੋਵੇ
ਜਾਂ ਇੰਡੀਆ ਵਿੱਚ ਆਪਣੀ ਜ਼ਮੀਨ ਵੇਚਣੀ ਹੋਵੇ ਤਾਂ
ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: ਕਨੇਡਾ:604-518-3637(ਵਟਸਐਪ)
ਇੰਡੀਆ:91-81467-00026(ਵਟਸਐਪ)
ਜਾਂ ਈਮੇਲ ਕਰੋ hssandhupcs@gmail.com





FOR ALL DENTAL NEEDS
Of Your Family & Friends
CLOVERDALE VILLAGE DENTAL





Dr. Inderpreet Sandhu
DDS
Services Provided
· Dental Exams/X-rays · Extractions/Oral Surgery · Cleaning & Polishing · Root Canal Treatment
· Dentures & Mouth Guards · Dental Fillings · Teeth Whitening · Crowns & Bridges
Ph:604-579-0102
5635 - 176A Street, Surrey, BC (across the street from Cloverdale Library)
Cloverdalevillagedental@gmail.com



ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ
ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ
ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ







ਬੈਂਕੁਇਟ ਹਾਲ
150 ਸੀਟਾਂ ਵਾਲਾ
ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਊ ਅਤੇ ਕੇਟਰਿੰਗ ਵੀ ਕਰਦੇ ਹਾਂ






50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ
ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ





ਕੁਲਵਿੰਦਰ ਸਿੰਘ ਪੂਨੀ
12815, 85 Ave Surrey BC. | www.shahicaterers.ca | Email: kspooni95@hotmail.de
778-928-4522, 778-565-4141, 778-565-3232

# SHINEPRO

## BC INDUSTRIES LTD.




Residential & Commercial

Interior / Exterior / Repaint



ਘਰਾਂ, ਕਮਰਸ਼ੀਅਲ
ਬਿਲਡਿੰਗਾਂ ਅਤੇ ਰੀਪੇਂਟ ਤੇ
ਸਪੈਸ਼ਲ ਡਿਸਕਾਊਂਟ

ਤਸੱਲੀਬਖਸ਼ ਕੰਮ
ਅਤੇ ਵਧੀਆ ਡੀਲ

*Tiles *Paving ਟਾਈਲਾਂ ਅਤੇ ਪੇਵਿੰਗ ਦਾ ਕੰਮ ਵੀ ਕਰਦੇ ਹਾਂ






Contact: 12844 66B Ave, Surrey, BC

**604-512-5001, 236-501-1001**



ABHI FURNITURES LTD.
ਸਾਡੀ ਗਰੰਟੀ ਹੈ ਕਿ ਤੁਸੀ ਸਾਡੇ ਕੋਲ ਆ ਕੇ ਸਾਰੀਆਂ ਫਰਨੀਚਰ ਆਈਟਮ ਤੇ ਬੱਚਤਾਂ ਕਰੋਗੇ।
Free Delivery
BEST PRICES
ALL KINDS OF DESIGNER, MODERN AND CUSTOM FURNITURE
CANADA DAY SALE On All Products & Furniture
$2499
Complete Queen Bedroom Set
ADDTE
Regular $34X9
NOW $1999
Ph: 604-710-3286, 604-502-2244
Web:abhiifurnitures.com
Email:abhifurnituretd@gmail.com
#102-13030 115Ave, Surrey, BC
Business Hours: Mon-Sat 11am to 6pm Sunday:Closed




Discover the Real Punjabi Tadka
Chawlas²
SINCE 1960
The Famous Taste of Punjab
Veg & Non Veg
NOW OPEN
IN SURREY
ਲੁਧਿਆਣਾ ਦਾ ਮਸ਼ਹੂਰ
Chawla's Chicken
ਹੁਣ ਤੁਹਾਡੇ ਸ਼ਹਿਰ ਸਰੀ ਵਿਚ
Ph:778-637-0006
#107-8363 -128St, Surrey
Hours:Wednesday to Monday 10AM to 12 AM Closed:Tuesday